**SIMPLIFIED STUDY MATERIAL**
**SOCIAL SCIENCE (2025-26)**
**CLASS: 8th**
**(ਭੂਗੋਲ)**

1. ਧਰਤੀ ਦਾ ਕਿੰਨ੍ਹੇ ਪ੍ਰਤੀਸ਼ਤ ਹਿੱਸਾ ਪਾਣੀ ਹੈ?
(ੳ) 80% **(ਅ) 71%** (ੲ) 65% (ਸ) 55%

2. ਬਾਕੀ ਸਾਧਨਾਂ ਦੇ ਵਿਕਾਸ ਲਈ ਕਿਹੜਾ ਸਾਧਨ ਪੂਰੀ ਤਰ੍ਹਾਂ ਵਿਕਸਿਤ ਹੋਣਾ ਚਾਹੀਦਾ ਹੈ?
(ੳ) ਖਣਿਜ ਸਾਧਨ (ਅ) ਨਾ-ਮੁੱਕਣਯੋਗ ਸਾਧਨ (ੲ) ਮੁੱਕਣਯੋਗ ਸਾਧਨ **(ਸ) ਮਨੁੱਖੀ ਸਾਧਨ**

3. ਧਰਤੀ ਦੇ ਕਿੰਨ੍ਹੇ ਪ੍ਰਤੀਸ਼ਤ ਜੀਵ ਸਮੁੰਦਰਾਂ ਤੋਂ ਉਤਪੰਨ ਹੋਏ ਹਨ?
**(ੳ) 75%** (ਅ) 54% (ੲ) 45% (ਸ) 79%

4. ਸੰਸਾਰ ਦੇ ਕਿੰਨ੍ਹੇ ਪ੍ਰਤੀਸ਼ਤ ਭੋਜਨ ਪਦਾਰਥ ਜੀਵ ਸਾਧਨਾਂ ਤੇ ਨਿਰਭਰ ਹਨ?
(ੳ) 20 % (ਅ) 50 % **(ੲ) 85 %** (ਸ) 90%

5. ਲੋਹਾ, ਤਾਂਬਾ, ਚਾਂਦੀ, ਸੋਨਾ ਆਦਿ ਕਿਹੜੇ ਖਣਿਜ ਪਦਾਰਥ ਹਨ?
**(ੳ) ਧਾਤੂ ਖਣਿਜ** (ਅ) ਅਧਾਤੂ ਖਣਿਜ (ੲ) ਪ੍ਰਮਾਣੂ ਖਣਿਜ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

6. ਜਿਹੜੇ ਸਾਧਨ ਮੌਜੂਦ ਤਾਂ ਹਨ ਪਰ ਉਨ੍ਹਾਂ ਦੀ ਕੋਈ ਵਰਤੋਂ ਨਹੀਂ ਹੁੰਦੀ, ਕੀ ਅਖਵਾਉਂਦੇ ਹਨ?
(ੳ) ਮੁੱਕਣ-ਯੋਗ ਸਾਧਨ **(ਅ) ਸੰਭਾਵਿਤ ਸਾਧਨ** (ੲ) ਵਿਕਸਤ ਸਾਧਨ (ਸ) ਨਾ-ਮੁੱਕਣਯੋਗ ਸਾਧਨ

7. ਪੈਟਰੋਲੀਅਮ, ਅਬਰਕ, ਕੋਲਾ, ਮੈਂਗਨੀਜ਼ ਕਿਸ ਤਰ੍ਹਾਂ ਦੇ ਖਣਿਜ ਪਦਾਰਥ ਹਨ?
(ੳ) ਧਾਤੂ ਖਣਿਜ **(ਅ) ਅਧਾਤੂ ਖਣਿਜ** (ੲ) ਪ੍ਰਮਾਣੂ ਖਣਿਜ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

8. ਹੇਠ ਲਿਖਿਆਂ ਵਿੱਚੋਂ ਕਿਹੜਾ ਸਾਧਨ ਨਿਰਜੀਵ ਸਾਧਨਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ?
(ੳ) ਜੀਵ-ਜੰਤੂ (ਅ) ਪੌਦੇ (ੲ) ਮਨੁੱਖ **(ਸ) ਖਣਿਜ ਪਦਾਰਥ**

9. ਹੇਠ ਲਿਖਿਆਂ ਵਿੱਚੋਂ ਕਿਹੜੇ ਸਾਧਨ ਨੂੰ ਕੁਦਰਤੀ ਸਾਧਨਾਂ ਦੀ ਸੂਚੀ ਵਿੱਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ?
(ੳ) ਖਣਿਜ ਪਦਾਰਥ (ਅ) ਜੰਗਲ (ੲ) ਦਰਿਆ **(ਸ) ਮਸ਼ੀਨਰੀ**

10. ਭਾਰਤ ਦੇ ਖੇਤਰਫ਼ਲ ਦਾ ਕਿੰਨ੍ਹੇ ਪ੍ਰਤੀਸ਼ਤ ਹਿੱਸਾ ਜੰਗਲਾਂ ਹੇਠ ਹੈ?
(ੳ) 35.4% (ਅ) 11.8% **(ੲ) 22.2%** (ਸ) 28.5%

11. ਨਦੀਆਂ ਅਤੇ ਦਰਿਆਵਾਂ ਦੇ ਪਾਣੀ ਦੁਆਰਾ ਲਿਆ ਕੇ ਜਮ੍ਹਾਂ ਕੀਤੀ ਗਈ ਮਿੱਟੀ ਨੂੰ ਕੀ ਕਿਹਾ ਜਾਂਦਾ ਹੈ?
**(ੳ) ਜਲੌਢੀ ਮਿੱਟੀ** (ਅ) ਲੈਟਰਾਈਟ ਮਿੱਟੀ (ੲ) ਮਾਰੂਥਲੀ ਮਿੱਟੀ (ਸ) ਕਾਲੀ ਮਿੱਟੀ

12. ਕਿਹੜੀ ਮਿੱਟੀ ਕਪਾਹ ਦੀ ਫਸਲ ਲਈ ਢੁੱਕਵੀਂ ਹੁੰਦੀ ਹੈ?
(ੳ) ਜਲੌਢੀ ਮਿੱਟੀ (ਅ) ਲੈਟਰਾਈਟ ਮਿੱਟੀ (ੲ) ਮਾਰੂਥਲੀ ਮਿੱਟੀ **(ਸ) ਕਾਲੀ ਮਿੱਟੀ**

13. ਜਿਸ ਮਿੱਟੀ ਵਿੱਚ ਚੂਨਾ, ਮੈਗਨੀਸ਼ੀਅਮ, ਫਾਸਫੇਟ, ਨਾਈਟਰੋਜਨ ਅਤੇ ਜੈਵਿਕ ਮਾਦਾ ਆਦਿ ਤੱਤਾਂ ਦੀ ਘਾਟ ਹੁੰਦੀ ਹੈ, ਉਸ ਮਿੱਟੀ ਨੂੰ ਕੀ ਕਿਹਾ ਜਾਂਦਾ ਹੈ?
ੳ) ਕਾਲੀ ਮਿੱਟੀ **ਅ) ਲਾਲ ਮਿੱਟੀ** ੲ) ਮਾਰੂਥਲੀ ਮਿੱਟੀ ਸ) ਲੈਟਰਾਈਟ ਮਿੱਟੀ

14. ਜਲੌਢੀ ਮਿੱਟੀ ਨੂੰ ਹੋਰ ਕਿਹੜੇ ਨਾਵਾਂ ਨਾਲ ਜਾਣਿਆ ਜਾਂਦਾ ਹੈ।
ੳ) ਪੁਰਾਣੀ ਜਲੌਢੀ ਮਿੱਟੀ ਅਤੇ ਨਵੀਂ ਜਲੌਢੀ ਮਿੱਟੀ ਅ) ਭਾਬਰ ਅਤੇ ਤਰਾਈ
**ੲ) ਖਾਡਰ ਅਤੇ ਬਾਂਗਰ** ਸ) ਭੂਰ ਅਤੇ ਖਾਡਰ ਮਿੱਟੀ

15. ਸਾਡੀ ਧਰਤੀ ਦਾ ਕਿੰਨ੍ਹੇ ਪ੍ਰਤੀਸ਼ਤ ਹਿੱਸਾ ਭੂਮੀ ਹੈ?
**(ੳ) 29%** (ਅ) 50% (ੲ) 71% (ਸ) 90%

16. ਕਾਲੀ ਮਿੱਟੀ ਦੇਸ਼ ਦੀ ਕੁੱਲ ਭੂਮੀ ਦੇ ਕਿੰਨ੍ਹੇ ਪ੍ਰਤੀਸ਼ਤ ਹਿੱਸੇ ਵਿੱਚ ਮਿਲਦੀ ਹੈ?
(ੳ) 20% **(ਅ) 16.6%** (ੲ) 16.2% (ਸ) 20.6%

17. ਜਲੋਢੀ ਮਿੱਟੀ ਭਾਰਤ ਦੇ ਲਗਭਗ ਕਿੰਨ੍ਹੇ ਪ੍ਰਤੀਸ਼ਤ ਹਿੱਸੇ ਵਿੱਚ ਮਿਲਦੀ ਹੈ?

**(ੳ) 45%** (ਅ)50% (ੲ) 55% (ਸ)60%

18. ਜੰਗਲੀ ਜੀਵਾਂ ਲਈ ਭਾਰਤੀ ਬੋਰਡ (Indian Board for wildlife) ਦੀ ਸਥਾਪਨਾ ਕਦੋਂ ਕੀਤੀ ਗਈ?

**(ੳ) 1952** (ਅ) 1750 (ੲ)1687 (ਸ)1853

19. ਲੋਹੇ ਤੋਂ ਸਟੀਲ ਬਣਾਉਣ ਲਈ ਕਿਹੜਾ ਖਣਿਜ ਪਦਾਰਥ ਕੰਮ ਆਉਂਦਾ ਹੈ?

(ੳ) ਐਲੂਮੀਨੀਅਮ (ਅ) ਅਬਰਕ **(ੲ) ਮੈਂਗਨੀਜ਼** (ਸ) ਚੂਨੇ ਦਾ ਪੱਥਰ

20. ਸੰਸਾਰ ਵਿੱਚ ਸਭ ਤੋਂ ਵੱਧ ਕੋਲਾ ਪੈਦਾ ਕਰਨ ਵਾਲਾ ਦੇਸ਼ ਕਿਹੜਾ ਹੈ?

(ੳ) ਰੂਸ **(ਅ) ਯੂ. ਐਸ. ਏ.** (ੲ) ਦੱਖਣੀ ਅਫ਼ਰੀਕਾ (ਸ) ਭਾਰਤ

21. ਕਿਹੜੇ ਖਣਿਜ ਦੀ ਵਰਤੋਂ ਕੰਡੈਂਸਰ, ਇੰਸੂਲੇਟਰ, ਬਿਜਲੀ ਦੀਆਂ ਪ੍ਰੈਸਾਂ ਵਿੱਚ ਕੁਚਾਲਕ ਵੱਜੋਂ ਕੀਤੀ ਜਾਂਦੀ ਹੈ?

(ੳ) ਮੈਂਗਨੀਜ਼ **(ਅ) ਅਬਰਕ** (ੲ) ਬਾਕਸਾਈਟ (ਸ) ਤਾਂਬਾ

22. ਹੇਠ ਲਿਖੇ ਦੇਸ਼ਾਂ ਵਿੱਚੋਂ ਕਿਹੜਾ ਦੇਸ਼ ਤਾਂਬਾ ਪੈਦਾ ਕਰਨ ਵਿੱਚ ਮੋਹਰੀ ਦੇਸ਼ ਹੈ?

(ੳ) ਚੀਨ (ਅ) ਭਾਰਤ (ੲ) ਈਰਾਨ **(ਸ) ਸੰਯੁਕਤ ਰਾਜ ਅਮਰੀਕਾ**

23. ਕੋਲੇ ਦੀ ਸਭ ਤੋਂ ਵਧੀਆ ਕਿਸਮ ਕਿਹੜੀ ਹੈ?

(ੳ) ਲਿਗਨਾਈਟ **(ਅ) ਐਂਥਰੇਸਾਈਟ** (ੲ) ਬਿਟੂਮੀਨਸ (ਸ) ਪੀਟ

24. ਭਾਰਤ ਪੂਰੇ ਸੰਸਾਰ ਦੀ ਕਿੰਨ੍ਹੇ ਪ੍ਰਤੀਸ਼ਤ ਪਣ-ਬਿਜਲੀ ਪੈਦਾ ਕਰਦਾ ਹੈ?

**(ੳ) 1%** (ਅ) 5% (ੲ) 10 % (ਸ) 15%

25. ਇਨ੍ਹਾਂ ਵਿੱਚੋਂ ਕਿਹੜਾ ਪ੍ਰਮਾਣੂ ਖਣਿਜ ਪਦਾਰਥ ਨਹੀਂ ਹੈ?

**(ੳ) ਮੈਂਗਨੀਜ਼** (ਅ) ਯੂਰੇਨੀਅਮ (ੲ) ਥੋਰੀਅਮ (ਸ) ਬੈਰੀਲੀਅਮ

26. ਇਹਨਾਂ ਵਿੱਚੋਂ ਭਾਰਤ ਦਾ ਕਿਹੜਾ ਰਾਜ ਪਣ-ਬਿਜਲੀ ਤਿਆਰ ਨਹੀਂ ਕਰਦਾ?

(ੳ) ਪੰਜਾਬ (ਅ) ਉੱਤਰ ਪ੍ਰਦੇਸ਼ (ੲ) ਬਿਹਾਰ **(ਸ) ਗੋਆ**

27. ਸ਼ਕਤੀ ਦੇ ਨਵੇਂ ਸਾਧਨਾਂ ਵਿੱਚੋਂ, ਹੇਠ ਲਿਖੇ ਗਏ ਕਿਹੜੇ ਸਾਧਨ ਨੂੰ ਸ਼ਾਮਿਲ ਨਹੀਂ ਕੀਤਾ ਜਾ ਸਕਦਾ?

ੳ) ਸੂਰਜੀ ਸ਼ਕਤੀ ਅ) ਪੌਣ ਸ਼ਕਤੀ ੲ)ਸਮੁੰਦਰੀ ਲਹਿਰਾਂ **ਸ) ਅਬਰਕ**

28. ਊਰਜਾ ਦੇ ਨਵੇਂ ਸ਼ਕਤੀ ਸਾਧਨਾਂ ਵਿੱਚ ਸ਼ਾਮਿਲ ਹੈ?

(ੳ) ਕੁਦਰਤੀ ਗੈਸ (ਅ) ਪੈਟਰੋਲੀਅਮ **(ੲ) ਪੌਣ ਸ਼ਕਤੀ** (ਸ) ਕੋਲਾ

29. ਹੇਠ ਲਿਖਿਆਂ ਵਿੱਚੋਂ ਕਿਹੜਾ ਪਰਮਾਣੂ ਖਣਿਜ ਪਦਾਰਥ ਹੈ?

(ੳ) ਕੋਲਾ **(ਅ) ਯੂਰੇਨੀਅਮ** (ੲ) ਕੁਦਰਤੀ ਗੈਸ (ਸ) ਐਲੂਮੀਨੀਅਮ

30. ਯੂਰੇਨੀਅਮ, ਥੋਰੀਅਮ, ਬੈਰੀਲੀਅਮ, ਲਿਥੀਅਮ ਅਤੇ ਜਿਰਕੋਨੀਅਮ ਆਦਿ ਖਣਿਜ ਪਦਾਰਥਾਂ ਤੋਂ ਹੇਠ ਲਿਖਿਆਂ ਵਿੱਚੋਂ ਕਿਹੜੀ ਊਰਜਾ ਪੈਦਾ ਕੀਤੀ ਜਾਂਦੀ ਹੈ?

**ੳ) ਪ੍ਰਮਾਣੂ ਊਰਜਾ** ਅ) ਸੂਰਜੀ ਊਰਜਾ ੲ)ਪੌਣ ਊਰਜਾ ਸ) ਬਾਇਓਗੈਸ ਊਰਜਾ

31.ਕੱਚਾ ਲੋਹਾ ਹੇਠ ਲਿਖਿਆਂ ਰਾਜਾਂ ਵਿੱਚੋਂ ਸਭ ਤੋਂ ਵੱਧ ਕਿਹੜੇ ਰਾਜ ਵਿੱਚ ਮਿਲਦਾ ਹੈ?

**(ੳ) ਬਿਹਾਰ** (ਅ) ਪੰਜਾਬ (ੲ) ਹਰਿਆਣਾ (ਸ) ਹਿਮਾਚਲ ਪ੍ਰਦੇਸ਼

32. ਭਾਰਤ ਵਿੱਚ ਸਭ ਤੋਂ ਜ਼ਿਆਦਾ ਪਟਸਨ ਪੈਦਾ ਕਰਨ ਵਾਲਾ ਰਾਜ ਕਿਹੜਾ ਹੈ?

(ੳ) ਪੰਜਾਬ (ਅ) ਉੱਤਰ ਪ੍ਰਦੇਸ਼ **(ੲ) ਪੱਛਮੀ ਬੰਗਾਲ** (ਸ) ਹਰਿਆਣਾ

33. ਸੰਸਾਰ ਦਾ ਸਭ ਤੋਂ ਜ਼ਿਆਦਾ ਚਾਹ ਪੈਦਾ ਕਰਨ ਵਾਲਾ ਦੇਸ਼ ਕਿਹੜਾ ਹੈ?

(ੳ) ਭਾਰਤ **(ਅ) ਚੀਨ** (ੲ) ਜਾਪਾਨ (ਸ) ਸ੍ਰੀ ਲੰਕਾ

34. ਅਮਰੀਕਾ ਵਿੱਚ ਕਿੰਨ੍ਹੇ ਪ੍ਰਤੀਸ਼ਤ ਲੋਕ ਖੇਤੀਬਾੜੀ ਦੇ ਕੰਮ ਵਿੱਚ ਲੱਗੇ ਹੋਏ ਹਨ?

**(ੳ) 3%** (ਅ) 5% (ੲ) 8% (ਸ) 25%

35. ਮੱਕੀ ਤੋਂ ਕੀ-ਕੀ ਤਿਆਰ ਕੀਤਾ ਜਾਂਦਾ ਹੈ?

(ੳ) ਗੁਲੂਕੋਜ਼ (ਅ)ਸਟਾਰਚ (ੲ)ਅਲਕੋਹਲ **(ਸ) ਉਪਰੋਕਤ ਸਾਰੇ**

36. ਉਹ ਖੇਤੀ ਦੀ ਕਿਹੜੀ ਕਿਸਮ ਹੈ ਜਿਸ ਵਿੱਚ ਫ਼ਸਲਾਂ, ਫ਼ਲ, ਸਬਜ਼ੀਆਂ ਦੇ ਉਤਪਾਦਨ ਦੇ ਨਾਲ-ਨਾਲ ਪਸ਼ੂ ਪਾਲਣ ਦਾ ਧੰਦਾ ਵੀ ਕੀਤਾ ਜਾਂਦਾ ਹੈ?

ੳ) ਖੁਸ਼ਕ ਖੇਤੀ (ਅ)ਸਥਾਈ ਖੇਤੀ **(ੲ) ਮਿਸ਼ਰਤ ਖੇਤੀ** (ਸ) ਸੰਘਣੀ ਖੇਤੀ

37. ਖੇਤੀਬਾੜੀ ਨੂੰ ਹੇਠ ਲਿਖਿਆਂ ਵਿੱਚੋਂ ਕਿਹੜੇ-ਕਿਹੜੇ ਤੱਤ ਪ੍ਰਭਾਵਿਤ ਕਰਦੇ ਹਨ ?

(ੳ) ਜਲਵਾਯੂ (ਅ) ਧਰਾਤਲ (ੲ) ਮਿੱਟੀ ਦੀ ਕਿਸਮ **(ਸ) ਉਪਰੋਕਤ ਸਾਰੇ**

38. ਹੇਠ ਲਿਖਿਆਂ ਵਿੱਚੋਂ ਕਿਹੜੀ ਫ਼ਸਲ ਸੋਕਾ ਗ੍ਰਸਤ ਇਲਾਕੇ ਵਿੱਚ ਬੀਜਣੀ ਚਾਹੀਦੀ ਹੈ ?

(ੳ) ਮੱਕੀ (ਅ)ਬਾਜਰਾ (ੲ) ਦਾਲਾਂ **(ਸ) ਉਪਰੋਕਤ ਸਾਰੀਆਂ**

39. ਪੰਜਾਬ ਵਿੱਚ ਕਿਸ ਕਿਸਮ ਦੀ ਖੇਤੀ ਸਭ ਤੋਂ ਵੱਧ ਕੀਤੀ ਜਾਂਦੀ ਹੈ

(ੳ) ਵਿਸ਼ਾਲ ਖੇਤੀ **(ਅ) ਸੰਘਣੀ ਖੇਤੀ** (ੲ) ਗਿੱਲੀ ਖੇਤੀ (ਸ)ਸਹਿਕਾਰੀ ਖੇਤੀ

40.ਖੇਤੀ ਦੀ ਉਹ ਕਿਹੜੀ ਕਿਸਮ ਹੈ, ਜਿਸ ਵਿੱਚ ਕਿਸਾਨ ਵੱਡੇ ਪੱਧਰ 'ਤੇ ਮਸ਼ੀਨਾਂ ਅਤੇ ਹੋਰ ਸਾਧਨਾਂ ਦੀ ਵਰਤੋਂ ਕਰਕੇ ਆਪਣੀ ਜ਼ਮੀਨ 'ਤੇ ਫ਼ਸਲਾਂ ਉਗਾਉਂਦੇ ਹਨ?

ੳ) ਖੁਸ਼ਕ ਖੇਤੀ ਅ)ਸਥਾਈ ਖੇਤੀ **ੲ) ਵਪਾਰਕ ਖੇਤੀ** (ਸ) ਗਿੱਲੀ ਖੇਤੀ

41. ਰੇਸ਼ੇ ਦੀ ਲੰਬਾਈ ਦੇ ਅਧਾਰ 'ਤੇ ਕਪਾਹ ਦੀ ਕਿਹੜੀ ਕਿਸਮ ਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ?

(ੳ) ਮੱਧ ਦਰਜੇ ਰੇਸ਼ੇ ਵਾਲੀ (ਅ) ਛੋਟੇ ਰੇਸ਼ੇ ਵਾਲੀ **(ੲ) ਲੰਬੇ ਰੇਸ਼ੇ ਵਾਲੀ** (ਸ) ਇਹਨਾਂ ਵਿੱਚੋਂ ਕੋਈ ਨਹੀਂ।

42.ਭਾਰਤੀ ਰਿਜ਼ਰਵ ਬੈਂਕ ਐਕਟ,1934 ਦੇ ਦੂਜੀ ਅਨੁਸੂਚੀ ਵਿਚ ਸ਼ਾਮਲ ਬੈਂਕਾਂ ਨੂੰ ਕਿਹਾ ਜਾਂਦਾ ਹੈ:-

**(ੳ) ਅਨੁਸੂਚਿਤ ਬੈਂਕ** (ਅ) ਗੈਰ-ਅਨੁਸੂਚਿਤ ਬੈਂਕ (ੲ) ਵਪਾਰਕ ਬੈਂਕ (ਸ) ਵਿਕਾਸ ਬੈਂਕ

43....................... ਨੂੰ ਖੇਤੀਬਾੜੀ ਅਤੇ ਪੇਂਡੂ ਕਰਜ਼ੇ ਪ੍ਰਦਾਨ ਕਰਨ ਦੀ ਅਹਿਮ ਭੂਮਿਕਾ ਸੌਂਪੀ ਗਈ ਸੀ।

(ੳ) ਸਹਿਕਾਰੀ ਬੈਂਕ **(ਅ) ਖੇਤਰੀ ਪੇਂਡੂ ਬੈਂਕ** (ੲ) ਵਪਾਰਕ ਬੈਂਕ (ਸ) ਵਿਕਾਸ ਬੈਂਕ

44. ......................... ਬੈਂਕਾਂ ਦੀ ਮਲਕੀਅਤ ਅਤੇ ਕੰਟਰੋਲ ਸਰਕਾਰ ਦੇ ਹੱਥ ਹੁੰਦਾ ਹੈ।

**(ੳ) ਜਨਤਕ ਖੇਤਰ ਦੇ** (ਅ) ਨਿੱਜੀ ਖੇਤਰ ਦੇ (ੲ) ਕੇਂਦਰੀ (ਸ) ਐਕਸਚੇਂਜ ਅਤੇ ਵਟਾਂਦਰਾ

45. ਇੱਕ.................. ਅਜਿਹਾ ਦਸਤਾਵੇਜ਼ ਹੁੰਦਾ ਹੈ ਜੋ ਬੈਂਕ ਦੇ ਖਾਤੇ ਵਿੱਚ ਭੁਗਤਾਨ ਦਾ ਆਦੇਸ਼ ਦਿੰਦਾ ਹੈ।

(ੳ) ਡਿਮਾਂਡ ਡਰਾਫ਼ਟ (ਅ) ਫਿਕਸਡ ਡਿਪਾਜ਼ਿਟ **(ੲ) ਚੈੱਕ** (ਸ) ਡੈਬਿਟ ਕਾਰਡ

46..........................ਚੈੱਕ ਨੂੰ ਫੰਡ ਵਾਲੇ ਖਾਤੇ ਤੱਕ ਭੇਜਣ ਵਿਚ ਮਦਦ ਕਰਦਾ ਹੈ।

**(ੳ)MICR ਕੋਡ** (ਅ) IFSC ਕੋਡ (ੲ)ਖਾਤਾ ਨੰਬਰ (ਸ)ਚੈੱਕ ਨੰਬਰ

47. 11 ਅੱਖਰਾਂ ਦਾ ਇੱਕ ਕੋਡ ਹੁੰਦਾ ਹੈ ਜੋ ਉਸ ਬੈਂਕ ਅਤੇ ਉਸਦੀ ਸ਼ਾਖਾ ਦੀ ਪਛਾਣ ਕਰਵਾਉਂਦਾ ਹੈ, ਜਿਸ ਵਿਚ ਖਾਤਾ ਹੈ:

ੳ)MICR ਕੋਡ **(ਅ) IFSC ਕੋਡ** (ੲ) ਖਾਤਾ ਨੰਬਰ (ਸ)ਚੈੱਕ ਨੰਬਰ

48. ਭੂਚਾਲ ਆਉਣ ਕਾਰਨ ਕਿੰਨ੍ਹਾ ਨੁਕਸਾਨ ਹੋਇਆ ਹੈ, ਇਸਨੂੰ ਮਾਪਣ ਵਾਲੇ ਪੈਮਾਨੇ ਨੂੰ ਕੀ ਕਹਿੰਦੇ ਹਨ?

(ੳ) ਰਿਕਟਰ **(ਅ) ਮਰਕਾਲੀ** (ੲ) ਥਰਮਾਮੀਟਰ (ਸ) ਸਿਜਮੋਗ੍ਰਾਫ਼

49. ਭੂਚਾਲ ਦੀ ਤੀਬਰਤਾ ਨੂੰ ਮਾਪਣ ਵਾਲਾ ਖੁੱਲ੍ਹਾ ਪੈਮਾਨਾ ਕਿਹੜਾ ਹੈ?

(ੳ) ਮਰਕਾਲੀ **(ਅ)ਰਿਕਟਰ** (ੲ)ਥਰਮਾਮੀਟਰ (ਸ)ਸਿਜਮੋਗ੍ਰਾਫ਼

50. ਹੜ੍ਹਾਂ ਦੇ ਆਉਣ ਦੇ ਕਿਹੜੇ-ਕਿਹੜੇ ਕਾਰਨ ਹੁੰਦੇ ਹਨ?

(ੳ) ਜ਼ਿਆਦਾ ਵਰਖਾ (ਅ) ਬੱਦਲਾਂ ਦਾ ਫਟਣਾ (ੲ) ਬੰਨ੍ਹਾਂ ਦਾ ਟੁੱਟ ਜਾਣਾ **(ਸ) ਉਪਰੋਕਤ ਸਾਰੇ**

51. ਊਸ਼ਣ ਚੱਕਰਵਾਤਾਂ ਦੀ ਗਤੀ ਆਮ ਤੌਰ 'ਤੇ ਕਦੋਂ ਆਫਤ ਬਣ ਜਾਂਦੀ ਹੈ?

(ੳ) 1500 ਕਿ.ਮੀ/ਘੰਟਾ (ਅ) 400 ਕਿ.ਮੀ/ਘੰਟਾ **(ੲ) 100 ਕਿ.ਮੀ/ਘੰਟਾ** (ਸ) ਇਹਨਾਂ ਵਿੱਚੋਂ ਕੋਈ ਨਹੀਂ

52. ਜਦੋਂ ਕੋਈ ਇੱਕ ਬਿਮਾਰੀ ਫੈਲਣ ਨਾਲ ਵੱਡੇ ਪੱਧਰ ਤੇ ਲੋਕਾਂ ਉੱਤੇ ਮਾਰੂ ਹਮਲਾ ਕਰ ਦੇਵੇ ਤਾਂ ਇਸਨੂੰ ਕੀ ਆਖਦੇ ਹਨ?

(ੳ) ਹੈਜਾ (ਅ) ਮਹਾਂਮਾਰੀ (ੲ) ਡੇਂਗੂ (ਸ) ਕਰੋਨਾ ਵਾਇਰਸ

53. ਲਾਵੇ ਦੀ ਧਰਤੀ ਉੱਪਰ ਬਾਹਰ ਆਉਣ ਦੀ ਕਿਰਿਆ ਨੂੰ ਕੀ ਕਿਹਾ ਜਾਂਦਾ ਹੈ?

(ੳ) ਸੁਨਾਮੀ (ਅ) ਜਵਾਲਾਮੁਖੀ (ੲ) ਭੂਚਾਲ (ਸ) ਚੱਕਰਵਾਤ

54. ਜਵਾਲਾਮੁੱਖੀ ਮੁੱਖ ਤੌਰ 'ਤੇ ਕਿੰਨੀ ਤਰ੍ਹਾਂ ਦੇ ਹੁੰਦੇ ਹਨ?

(ੳ)ਇੱਕ (ਅ) ਤਿੰਨ (ੲ)ਪੰਜ (ਸ) ਸੱਤ

55. ਚੱਕਰਵਾਤਾਂ ਨੂੰ ਭਾਰਤ ਵਿੱਚ ਕੀ ਕਿਹਾ ਜਾਂਦਾ ਹੈ?

(ੳ) ਝੱਖੜ (ਅ) ਤੂਫਾਨ (ੲ) ਵਾਵਰੋਲਾ (ਸ) ਉਪਰੋਕਤ ਸਾਰੇ।

## ਇਤਿਹਾਸ

1. ਭਾਰਤ ਵਿੱਚ ਆਧੁਨਿਕ ਕਾਲ ਦਾ ਆਰੰਭ ਕਦੋਂ ਹੋਇਆ?

(ੳ) 19ਵੀਂ ਸਦੀ (ਅ) 18ਵੀਂ ਸਦੀ (ੲ) 16ਵੀਂ ਸਦੀ (ਸ) 20ਵੀਂ ਸਦੀ

2. ਯੂਰਪ ਵਿੱਚ ਆਧੁਨਿਕ ਕਾਲ ਦਾ ਆਰੰਭ ਕਦੋਂ ਹੋਇਆ?

(ੳ) 18ਵੀਂ ਸਦੀ (ਅ) 19ਵੀਂ ਸਦੀ (ੲ) 16ਵੀਂ ਸਦੀ (ਸ) ਕੋਈ ਨਹੀਂ

3. 16ਵੀਂ ਸਦੀ ਦੌਰਾਨ ਕਿਹੜੇ ਮੁਗਲ਼ ਬਾਦਸ਼ਾਹ ਨੇ ਭਾਰਤ 'ਤੇ ਰਾਜ ਕੀਤਾ?

(ੳ) ਬਾਬਰ (ਅ) ਹੁਮਾਯੂੰ (ੲ) ਅਕਬਰ (ਸ) ਉਪਰੋਕਤ ਸਾਰੇ।

4.ਕਿਸ ਮੁਗਲ ਬਾਦਸ਼ਾਹ ਨੇ ਈਸਟ ਇੰਡੀਆ ਕੰਪਨੀ ਨੂੰ 3000 ਸਲਾਨਾ ਕਰ ਦੇਣ ਦੇ ਬਦਲੇ ਬੰਗਾਲ, ਬਿਹਾਰ ਅਤੇ ਉੜੀਸਾ ਵਿੱਚ ਬਿਨ੍ਹਾਂ ਕਰ ਦਿੱਤੇ ਵਪਾਰ ਕਰਨ ਦੀ ਰਿਆਇਤ ਦਿੱਤੀ ਸੀ?

(ੳ) ਅਕਬਰ (ਅ) ਫਰੁਖ਼ਸੀਅਰ (ੲ) ਜਹਾਂਗੀਰ (ਸ) ਸ਼ਾਹਜਹਾਂ

5. ਡੱਚ ਲੋਕਾਂ ਨੇ ਭਾਰਤ ਵਿੱਚ ਹੇਠ ਲਿਖੀਆਂ ਬਸਤੀਆਂ ਵਿੱਚੋਂ ਕਿਹੜੀ ਬਸਤੀ ਸਥਾਪਿਤ ਨਹੀਂ ਕੀਤੀ ਸੀ?

(ੳ) ਕੋਚੀਨ (ਅ)ਸੂਰਤ (ੲ)ਪੁਲੀਕਟ (ਸ)ਬੰਬਈ

6. ਲੈਪਸ ਦੀ ਨੀਤੀ ਕਿਸ ਅੰਗਰੇਜ਼ ਅਫ਼ਸਰ ਦੁਆਰਾ ਅਪਣਾਈ ਗਈ?

(ੳ) ਲਾਰਡ ਵੈਲਜ਼ਲੀ (ਅ) ਰਾਬਰਟ ਕਲਾਈਵ (ੲ) ਲਾ਼ਰਡ ਡਲਹੌਜ਼ੀ (ਸ) ਲਾਰਡ ਰਿਪਨ

7. ਕਰਨਾਟਕ ਦਾ ਪਹਿਲਾ ਯੁੱਧ ਕਦੋਂ ਹੋਇਆ?

(ੳ) 1746-48 ਈ. (ਅ) 1756-58 ਈ. (ੲ) 1736-38 ਈ. (ਸ) 1764-66 ਈ.

8. ਅੰਗਰੇਜ਼ੀ ਸਾਮਰਾਜ ਦਾ ਵਿਸਥਾਰ ਕਰਨ ਲਈ ਕਿਸ ਨੇ ਸਹਾਇਕ ਸੰਧੀ ਪ੍ਰਣਾਲੀ ਸ਼ੁਰੂ ਕੀਤੀ?

(ੳ) ਲਾਰਡ ਡਲਹੌਜ਼ੀ (ਅ) ਰਾਬਰਟ ਕਲਾਈਵ (ੲ) ਲਾਰਡ ਵੈਲਜ਼ਲੀ (ਸ) ਸਰ ਥਾਮਸ ਰੋ

9. ਪਲਾਸੀ ਦੀ ਲੜਾਈ ਕਦੋਂ ਲੜੀ ਗਈ?

(ੳ) 1757 ਈ. (ਅ) 1771 ਈ. (ੲ) 1755 ਈ. (ਸ) 1761 ਈ.

10. ਕਿਸ ਐਕਟ ਦੁਆਰਾ ਇੰਗਲੈਂਡ ਵਿੱਚ ਬੋਰਡ ਆਫ਼ ਕੰਟਰੋਲ ਦੀ ਸਥਾਪਨਾ ਕੀਤੀ ਗਈ?

(ੳ) ਚਾਰਟਰ ਐਕਟ 1833 ਈ: (ਅ) ਪਿਟਸ ਇੰਡੀਆ ਐਕਟ 1784 ਈ:

(ੲ) ਰੈਗੂਲੇਟਿੰਗ ਐਕਟ 1773 ਈ: (ਸ) ਉਪਰੋਕਤ ਵਿੱਚੋਂ ਕੋਈ ਨਹੀਂ

11. ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੇ ਕੰਮਾਂ ਦੀ ਜਾਂਚ ਕਰਨ ਲਈ ਰੇਗੂਲੇਟਿੰਗ ਐਕਟ ਕਦੋਂ ਪਾਸ ਹੋਇਆ?

(ੳ) 1700 ਈ. (ਅ) 1900 ਈ. (ੲ) 1773ਈ. (ਸ) 1857 ਈ.

12. ਭਾਰਤੀ ਸਿਵਿਲ ਸਰਵਿਸ ਦੀ ਪ੍ਰੀਖਿਆ ਪਾਸ ਕਰਨ ਵਾਲਾ ਸਭ ਤੋਂ ਪਹਿਲਾ ਭਾਰਤੀ ਕੌਣ ਸੀ?

(ੳ) ਰਵਿੰਦਰ ਨਾਥ ਟੈਗੋਰ (ਅ) ਸਤਿੰਦਰ ਨਾਥ ਟੈਗੋਰ

(ੲ) ਰਾਜਾ ਰਾਮ ਮੋਹਨ ਰਾਏ (ਸ) ਦਾਦਾਭਾਈ ਨੈਰੋਜੀ

13. ਇੰਗਲੈਂਡ ਵਿੱਚ ਨਵੇਂ ਨਿਯੁਕਤ ਸਿਵਿਲ ਸਰਵਿਸ ਦੀ ਪ੍ਰੀਖਿਆ ਦੇ ਅਧਿਕਾਰੀਆਂ ਨੂੰ ਭਾਰਤ ਭੇਜਣ ਤੋਂ ਪਹਿਲਾਂ ਕਿੱਥੇ ਟ੍ਰੇਨਿੰਗ ਦਿੱਤੀ ਜਾਂਦੀ ਸੀ?

(ੳ) ਆਕਸਫੋਰਡ ਕਾਲਜ (ਅ) ਯਾਰਕਸ਼ਾਈਰ ਕਾਲਜ **(ੲ) ਹੈਲੀਬਰੀ ਕਾਲਜ** (ਸ) ਉਪਰੋਕਤ ਕੋਈ ਨਹੀਂ

14. ਮੋਂਟੇਗੂ-ਚੈਮਸਫੋਰਡ ਰਿਪੋਰਟ ਵਿੱਚ ਇੰਡੀਅਨ ਸਿਵਲ ਸਰਵਿਸ ਵਿੱਚ ਕਿੰਨ੍ਹੇ ਪ੍ਰਤੀਸ਼ਤ ਭਾਰਤੀਆਂ ਨੂੰ ਨਿਯੁਕਤ ਕਰਨ ਦੀ ਸਿਫ਼ਾਰਸ਼ ਕੀਤੀ ਗਈ?

(ੳ) 40% (ਅ) 50% **(ੲ) 33%** (ਸ) 21%

15. ਈਸਟ ਇੰਡੀਆ ਕੰਪਨੀ ਨੇ ਬੰਗਾਲ, ਬਿਹਾਰ ਅਤੇ ਉੜੀਸਾ ਦੀ ਦੀਵਾਨੀ ਕਦੋਂ ਪ੍ਰਾਪਤ ਕੀਤੀ?

(ੳ) 1777 ਈ: (ਅ) 1780 ਈ: **(ੲ) 1765 ਈ:** (ਸ) 1787 ਈ:

16. ਲਾਰਡ ਕਾਰਨਵਾਲਿਸ ਨੇ ਬੰਗਾਲ ਅਤੇ ਬਿਹਾਰ ਦੇ ਪ੍ਰਾਂਤਾਂ ਵਿੱਚ ਸਥਾਈ ਬੰਦੋਬਸਤ ਪ੍ਰਬੰਧ ਕਦੋਂ ਸ਼ੁਰੂ ਕੀਤਾ ਸੀ?

**(ੳ) 1793 ਈ.** (ਅ) 1895 ਈ. (ੲ) 1997 ਈ. (ਸ) 1599ਈ.

17. ਲਾਰਡ ਵਾਰਨ ਹੇਸਟਿੰਗਜ਼ ਨੇ ਲਗਾਨ ਇਕੱਠਾ ਕਰਨ ਲਈ ਕਿੰਨ੍ਹੇ ਸਾਲਾ ਠੇਕੇ ਦਾ ਪ੍ਰਬੰਧ ਕੀਤਾ?

(ੳ) 10 ਸਾਲ **(ਅ) 5 ਸਾਲ** (ੲ) 7 ਸਾਲ (ਸ) 2 ਸਾਲ

18. ਰੱਈਅਤਵਾੜੀ ਪ੍ਰਬੰਧ ਦੇ ਦੋਸ਼ਾਂ ਨੂੰ ਦੂਰ ਕਰਨ ਲਈ ਕਿਹੜਾ ਪ੍ਰਬੰਧ ਸ਼ੁਰੂ ਕੀਤਾ ਗਿਆ ਸੀ?

(ੳ) ਸਥਾਈ ਬੰਦੋਬਸਤ **(ਅ) ਮਹਿਲਵਾੜੀ ਪ੍ਰਬੰਧ**

(ੲ) ਬਟਾਈ ਪ੍ਰਬੰਧ (ਸ) ਉਪਰੋਕਤ ਕੋਈ ਨਹੀਂ

19. ਰੱਈਅਤਵਾੜੀ ਪ੍ਰਬੰਧ ਨੂੰ ਮਦਰਾਸ ਅਤੇ ਮੁੰਬਈ ਵਿੱਚ ਕਿਸ ਅੰਗਰੇਜ਼ ਅਫ਼ਸਰ ਦੁਆਰਾ ਸ਼ੁਰੂ ਕੀਤਾ ਗਿਆ ਸੀ?

(ੳ) ਲਾਰਡ ਕਾਰਨਵਾਇਸ **(ਅ) ਥਾਮਸ ਮੁਨਰੋ** (ੲ) ਵਾਰਨ ਹੇਸਟਿੰਗਜ਼ (ਸ) ਲਾਰਡ ਡਲਹੌਜ਼ੀ

20. ਉੜੀਸਾ ਵਿੱਚ ਕਿਸ ਕਬੀਲੇ ਦੇ ਲੋਕਾਂ ਨੇ ਅੰਗਰੇਜ਼ਾਂ ਖਿਲਾਫ਼ ਵਿਦਰੋਹ ਕੀਤਾ?

(ੳ) ਭੀਲ (ਅ) ਮੁੰਡਾ **(ੲ) ਗੋਂਡ** (ਸ) ਖਾਸੀਸ

21. ਖਾਸੀਸ ਕਬੀਲੇ ਦਾ ਮੋਢੀ ਕੌਣ ਸੀ?

(ੳ) ਬਿਰਸਾ ਮੁੰਡਾ (ਅ) ਜੈਪਾਲ **(ੲ) ਤੀਰੁਤ ਸਿੰਘ** (ਸ) ਮਾਨ ਸਿੰਘ

22. ਸਿੱਧੂ ਅਤੇ ਕਨਹੂ ਭਰਾਵਾਂ ਨੇ ਵਿਦਰੋਹ ਵਿੱਚ ਕਿਸ ਕਬੀਲੇ ਦੀ ਅਗਵਾਈ ਕੀਤੀ?

**(ੳ) ਸੰਥਾਲ** (ਅ) ਸਿੰਗਫ਼ੋਸ (ੲ) ਨਾਗਾ (ਸ) ਉਪਰੋਕਤ ਸਾਰੇ

23. ਛੋਟਾ ਨਾਗਪੁਰ ਇਲਾਕੇ ਵਿੱਚ ਵਿਦਰੋਹ ਕਿਸ ਦੀ ਅਗਵਾਈ ਵਿੱਚ ਹੋਇਆ?

(ੳ) ਤੀਰੁੱਤ ਸਿੰਘ **(ਅ) ਬਿਰਸਾ ਮੁੰਡਾ** (ੲ) ਸਿੱਧੂ ਅਤੇ ਕਨਹੂ (ਸ) ਉਪਰੋਕਤ ਕੋਈ ਨਹੀਂ

24. ਛੋਟਾ ਨਾਗਪੁਰ ਐਕਟ ਕਿਹੜੇ ਸੰਨ ਵਿੱਚ ਪਾਸ ਹੋਇਆ?

(ੳ) 1909 ਈ: (ਅ) 1906 ਈ: **(ੲ) 1908 ਈ:** (ਸ) 1913 ਈ:

25. ਪਟਸਨ ਉਦਯੋਗ ਦਾ ਪਹਿਲਾ ਕਾਰਖਾਨਾ ਕਦੋਂ ਅਤੇ ਕਿੱਥੇ ਲਗਾਇਆ ਗਿਆ?

(ੳ) 1853 ਈ. ਵਿੱਚ ਮੁੰਬਈ (ਅ) 1950 ਈ. ਵਿੱਚ ਰਾਣੀਗੰਜ

(ੲ) 1834 ਈ. ਵਿੱਚ ਆਸਾਮ (ਸ) 1854 ਈ. ਵਿੱਚ, ਸੈਰਮਪੁਰ (ਬੰਗਾਲ)

26. ਭਾਰਤ ਵਿੱਚ ਸੂਤੀ ਕੱਪੜਾ ਉਦਯੋਗ ਦਾ ਪਹਿਲਾ ਕਾਰਖਾਨਾ ਕਦੋਂ ਅਤੇ ਕਿੱਥੇ ਲਗਾਇਆ ਗਿਆ?

(ੳ) 1854 ਈ. ਵਿੱਚ, ਸੈਰਮਪੁਰ (ਬੰਗਾਲ) (ਅ) 1854 ਈ. ਵਿੱਚ, ਰਾਣੀਗੰਜ

(ੲ)1834 ਈ. ਵਿੱਚ, ਆਸਾਮ (ਸ) 1853 ਈ. ਵਿੱਚ, ਮੁੰਬਈ

27. ਭਾਰਤ ਵਿੱਚ ਅੰਗਰੇਜਾਂ ਦੁਆਰਾ ਪਹਿਲਾ ਚਾਹ ਦਾ ਬਾਗ ਕਦੋਂ ਅਤੇ ਕਿੱਥੇ ਲਗਾਇਆ ਗਿਆ।

ੳ)1854 ਈ. ਵਿੱਚ, ਸੈਰਮਪੁਰ (ਬੰਗਾਲ) (ਅ) 1854 ਈ. ਵਿੱਚ, ਰਾਣੀਗੰਜ

**(ੲ)1834 ਈ. ਵਿੱਚ, ਆਸਾਮ** (ਸ) 1853 ਈ. ਵਿੱਚ, ਮੁੰਬਈ

28. ਸਰਕਾਰ ਨੇ ਮਜ਼ਦੂਰਾਂ ਦੀ ਹਾਲਤ ਸੁਧਾਰਨ ਲਈ ਕਿਹੜਾ ਐਕਟ ਪਾਸ ਕੀਤਾ?

**(ੳ) ਫੈਕਟਰੀ ਐਕਟ** (ਅ) ਲੇਬਰ ਐਕਟ (ੲ) ਸੇਫ਼ਟੀ ਐਕਟ (ਸ) ਉਪਰੋਕਤ ਵਿੱਚੋਂ ਕੋਈ ਨਹੀਂ

29. ਉਦਯੋਗਿਕ ਕ੍ਰਾਂਤੀ ਦੇ ਸਮੇਂ ਇੰਗਲੈਂਡ ਨੂੰ ਸਭ ਤੋਂ ਜਿਆਦਾ ਕੱਚਾ ਮਾਲ ਕਿਸ ਦੇਸ਼ ਤੋਂ ਮਿਲਦਾ ਸੀ?

(ੳ) ਅਫ਼ਰੀਕਾ (ਅ) ਚੀਨ (ੲ) ਅਫ਼ਗਾਨਿਸਤਾਨ **(ਸ) ਭਾਰਤ**

30. ਕਿਸ ਅੰਗਰੇਜ਼ ਅਫ਼ਸਰ ਨੇ ਨਾਨਾ ਸਾਹਿਬ ਦੀ ਪੈਨਸ਼ਨ ਬੰਦ ਕਰ ਦਿੱਤੀ?

**(ੳ) ਲਾਰਡ ਡਲਹੌਜ਼ੀ** (ਅ) ਲਾਰਡ ਮਿੰਟੋ (ੲ) ਲਾਰਡ ਕਲਾਈਵ (ਸ) ਲਾਰਡ ਮੁਨਰੋ

31. ਕਿਸ ਅੰਗਰੇਜ ਅਫ਼ਸਰ ਨੇ ਕਰ ਮੁਕਤ ਜ਼ਮੀਨਾਂ ਉੱਪਰ ਮੁੜ ਕਰ ਲਗਾ ਦਿੱਤਾ?

**(ੳ) ਲਾਰਡ ਵਿਲੀਅਮ ਬੈਂਟਿਕ** (ਅ) ਲਾਰਡ ਮੁਨਰੋ

(ੲ) ਲਾਰਡ ਐਲਨਬਰੋ (ਸ) ਉਪਰੋਕਤ ਵਿੱਚੋਂ ਕੋਈ ਨਹੀਂ

32. ਕਿਸ ਰਿਆਸਤ ਉੱਪਰ ਭੈੜੇ ਸਾਸ਼ਨ ਦੇ ਪ੍ਰਬੰਧ ਦਾ ਦੋਸ਼ ਲਗਾ ਕੇ ਅੰਗਰੇਜ਼ੀ ਸਾਮਰਾਜ ਵਿੱਚ ਸ਼ਾਮਿਲ ਕੀਤਾ ਗਿਆ।

(ੳ) ਸਤਾਰਾ **(ਅ) ਅਵਧ** (ੲ) ਬੰਗਾਲ (ਸ) ਦਿੱਲੀ

33. 1857 ਈ: ਦੀ ਕ੍ਰਾਂਤੀ ਦਾ ਤੱਤਕਾਲੀਨ ਕਾਰਨ ਕੀ ਸੀ?

**(ੳ) ਚਰਬੀ ਵਾਲੇ ਕਾਰਤੂਸ** (ਅ) ਅੰਗਰੇਜ਼ਾਂ ਦੀ ਵਿਤਕਰਾ ਨੀਤੀ

(ੲ) ਈਸਾਈ ਧਰਮ ਦਾ ਪ੍ਰਚਾਰ (ਸ) ਉਪਰੋਕਤ ਸਾਰੇ

34. ਕਿਸ ਅੰਗਰੇਜ਼ ਗਵਰਨਰ ਜਨਰਲ ਨੇ ਸਤੀ ਪ੍ਰਥਾ ਨੂੰ ਗੈਰ-ਕਾਨੂੰਨੀ ਘੋਸ਼ਿਤ ਕੀਤਾ?

**(ੳ) ਲਾਰਡ ਵਿਲੀਅਮ ਬੈਂਟਿਕ** (ਅ) ਲਾਰਡ ਮੁਨਰੋ (ੲ) ਲਾਰਡ ਕਾਰਨਵਾਲਿਸ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

35. 1857 ਈ. ਦਾ ਵਿਦਰੋਹ ਕਿੱਥੇ ਸ਼ੁਰੂ ਹੋਇਆ?

**(ੳ) ਬੈਰਕਪੁਰ** (ਅ)ਦਿੱਲੀ (ੲ) ਕਾਨ੍ਹਪੁਰ (ਸ)ਲਖਨਊ

36. 1857ਈ.ਦੇ ਵਿਦਰੋਹ ਦਾ ਪਹਿਲਾ ਸ਼ਹੀਦ ਕੌਣ ਸੀ?

**(ੳ) ਮੰਗਲ ਪਾਂਡੇ** (ਅ) ਨਾਨਾ ਸਾਹਿਬ (ੲ) ਤਾਂਤੀਆ ਟੋਪੇ (ਸ) ਰਾਣੀ ਲਕਸ਼ਮੀ ਬਾਈ

37. ਅਲੀਗੜ੍ਹ ਮੁਸਲਿਮ ਵਿਸ਼ਵ ਵਿਦਿਆਲਿਆ ਕਿੱਥੇ ਸਥਿੱਤ ਹੈ।

(ੳ) ਕਰਨਾਟਕ (ਅ) ਬਿਹਾਰ **(ੲ) ਉੱਤਰ ਪ੍ਰਦੇਸ਼** (ਸ) ਦਿੱਲੀ

38. ਕਿਸ ਐਕਟ ਦੁਆਰਾ ਅੰਗਰੇਜ਼ੀ ਸਰਕਾਰ ਨੇ ਹਰ ਸਾਲ ਸਿੱਖਿਆ ਉਪਰ ਇੱਕ ਲੱਖ ਰੁਪਏ ਖਰਚ ਕਰਨ ਦੀ ਯੋਜਨਾ ਚਲਾਈ?

**(ੳ) ਚਾਰਟਰ ਐਕਟ 1813** (ਅ) ਚਾਰਟਰ ਐਕਟ 1852 (ੲ) ਚਾਰਟਰ ਐਕਟ 1832 (ਸ) ਉਪਰੋਕਤ ਕੋਈ ਨਹੀਂ

39. ਸਿੱਖਿਆ ਦੇ ਵਿਕਾਸ ਲਈ ਹੰਟਰ ਕਮਿਸ਼ਨ ਦੀ ਸਥਾਪਨਾ ਕਦੋਂ ਕੀਤੀ ਗਈ?

(ੳ) 1881ਈ. **(ਅ) 1882 ਈ.** (ੲ) 1890 ਈ. (ਸ) 1892 ਈ.

40. ਭਾਰਤੀ ਯੂਨੀਵਰਸਿਟੀ ਐਕਟ 1904 ਈ. ਵਿੱਚ ਕਿਸ ਦੁਆਰਾ ਪਾਸ ਕੀਤਾ ਗਿਆ?

(ੳ) ਲਾਰਡ ਡਲਹੌਜ਼ੀ **(ਅ) ਲਾਰਡ ਕਰਜ਼ਨ** (ੲ) ਲਾਰਡ ਵੈਲਜ਼ਲੀ (ਸ) ਲਾਰਡ ਮਿੰਟੋ

41. ਕਿਸ ਸਕੀਮ ਤਹਿਤ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਤੋਂ ਪਹਿਲਾਂ ਨਰਸਰੀ ਸਿੱਖਿਆ ਦੇਣ ਦੀ ਗੱਲ ਕੀਤੀ ਗਈ?

(ੳ) ਸੈਡਲਰ ਕਮੇਟੀ ਸਕੀਮ **(ਅ) ਸਾਰਜੈਂਟ ਸਕੀਮ** (ੲ) ਬੇਸਿਕ ਸਿੱਖਿਆ (ਸ) ਉਪਰੋਕਤ ਸਾਰੇ

42. ਕਿਸ ਭਾਰਤੀ ਸਮਾਜ ਸੁਧਾਰਕ ਦੇ ਯਤਨਾਂ ਸਦਕਾ ਸਤੀ ਪ੍ਰਥਾ ਤੇ ਪਾਬੰਦੀ ਲਗਾ ਦਿੱਤੀ ਗਈ?

ੳ) ਸਵਾਮੀ ਦਯਾਨੰਦ ਸਰਸਵਤੀ ਅ) ਸਵਾਮੀ ਵਿਵੇਕਾਨੰਦ

**ੲ) ਰਾਜਾ ਰਾਮ ਮੋਹਨ ਰਾਏ** ਸ) ਉਪਰੋਕਤ ਕੋਈ ਨਹੀਂ।

43. ਭਾਰਤੀ ਸਮਾਜ ਸੁਧਾਰਕਾਂ ਸੰਬੰਧੀ ਹੇਠ ਲਿਖੇ ਕਥਨਾਂ ਵਿੱਚੋਂ ਕਿਹੜਾ ਕਥਨ ਗਲਤ ਹੈ-

ੳ) ਰਾਜਾ ਰਾਮ ਮੋਹਨ ਰਾਏ ਨੇ ਕਲਕੱਤਾ ਵਿਖੇ ਇੱਕ ਅੰਗਰੇਜ਼ੀ ਸਕੂਲ ਅਤੇ ਵੇਦਾਂਤ ਕਾਲਜ ਸਥਾਪਿਤ ਕੀਤਾ।

**ਅ) ਈਸ਼ਵਰ ਚੰਦਰ ਵਿਦਿਆ ਸਾਗਰ ਨੇ ਹਿੰਦੀ ਭਾਸ਼ਾ ਵਿੱਚ "ਪ੍ਰੀਮੀਅਰ ਵਰਨਾ ਪ੍ਰੀਚਿਆ" ਨਾਂ ਦੀ ਪੁਸਤਕ ਲਿਖੀ।**

ੲ) ਸਵਾਮੀ ਵਿਵੇਕਾਨੰਦ ਜੀ ਨੇ ਰਾਮ ਕ੍ਰਿਸ਼ਨ ਮਿਸ਼ਨ ਦੀ ਸਥਾਪਨਾ ਕੀਤੀ ਸੀ।

ਸ) ਸਵਾਮੀ ਦਯਾਨੰਦ ਸਰਸਵਤੀ ਜੀ ਸੰਸਕ੍ਰਿਤ, ਵੈਦਿਕ ਸਿੱਖਿਆ ਦੇਣ ਦੇ ਨਾਲ-ਨਾਲ ਪੱਛਮੀ ਸਿੱਖਿਆ ਦੇਣ ਦੇ ਹੱਕ ਵਿੱਚ ਵੀ ਸਨ।

44. ਸਿੱਖਿਆ ਦਾ ਵਿਕਾਸ ਕਰਨ ਲਈ ਅੰਗਰੇਜ਼ੀ ਸਰਕਾਰ ਨੇ 1917 ਈ. ਵਿੱਚ ਕਿਹੜੀ ਕਮੇਟੀ ਨਿਯੁੱਕਤ ਕੀਤੀ?

**(ੳ) ਸੈਡਲਰ ਕਮੇਟੀ** (ਅ) ਹਰਟੋਗ ਕਮੇਟੀ

(ੲ) ਸਾਰਜੈਂਟ ਕਮੇਟੀ (ਸ) ਹੰਟਰ ਕਮਿਸ਼ਨ

45. 1862 ਈ: ਵਿੱਚ ਸਾਈਂਟੀਫ਼ਿਕ ਸੋਸਾਇਟੀ ਦੀ ਸਥਾਪਨਾ ਕਿਸਨੇ ਕੀਤੀ?

**ੳ) ਸਰ ਸੱਯਦ ਅਹਿਮਦ ਖਾਂ** ਅ) ਐਨੀ ਬੇਸੈਂਟ ੲ) ਰਵਿੰਦਰ ਨਾਥ ਟੈਗੋਰ ਸ) ਈਸ਼ਵਰ ਚੰਦਰ

46. ਸ੍ਰੀ ਸਤਿਗੁਰੂ ਰਾਮ ਸਿੰਘ ਦੁਆਰਾ ਪੰਜਾਬ ਵਿੱਚ ਸਮਾਜ ਸੁਧਾਰ ਲਈ ਕਿਹੜੀ ਲਹਿਰ ਚਲਾਈ ਗਈ?

ੳ) ਅਹਿਮਦੀਆ ਲਹਿਰ **ਅ) ਨਾਮਧਾਰੀ ਲਹਿਰ** ੲ) ਰਾਧਾ ਸੁਆਮੀ ਲਹਿਰ ਸ) ਨਿਰੰਕਾਰੀ ਲਹਿਰ

47. ਮਹਾਂਦੇਵ ਗੋਬਿੰਦ ਰਾਨਾਡੇ ਅਤੇ ਰਾਮ ਕ੍ਰਿਸ਼ਨ ਗੋਪਾਲ ਭੰਡਾਰਕਰ ਨੇ ਮਹਾਂਰਾਸਟਰ ਵਿੱਚ ਕਿਸ ਸੰਸਥਾ ਦੀ ਸਥਾਪਨਾ ਕੀਤੀ?

ੳ) ਬ੍ਰਹਮੋ ਸਮਾਜ ਅ) ਈਸ਼ਵਰ ਸਮਾਜ **ੲ) ਪ੍ਰਾਰਥਨਾ ਸਮਾਜ** ਸ) ਦੇਵ ਸਮਾਜ

48. ਅੰਗਰੇਜ਼ੀ ਸਰਕਾਰ ਨੇ ਅੰਤਰਜਾਤੀ ਵਿਆਹ ਕਾਨੂੰਨ ਨੂੰ ਕਦੋਂ ਮਾਨਤਾ ਦਿੱਤੀ?

**ੳ) 1872 ਈ.** ਅ) 1854 ਈ. ੲ) 1876 ਈ. ਸ) 1880 ਈ.

49. 1873 ਈ. ਵਿੱਚ ਸੱਤਿਆ ਸ਼ੋਧਕ ਸਮਾਜ ਦੀ ਸਥਾਪਨਾ ਕਿਸਨੇ ਕੀਤੀ?

ੳ) ਸ੍ਰੀ ਨਾਰਾਇਣ ਗੁਰੂ ਅ) ਪਰਿਆਰ ਰਾਮਾ ਸੁਆਮੀ ੲ) ਵੀਰ ਸਲਿੰਗਮ **ਸ) ਜੋਤਿਬਾ ਫੂਲੇ**

50. ਆਂਧਰਾ ਪ੍ਰਦੇਸ਼ ਰਾਜ ਦੇ ਸਮਾਜ ਦਾ ਪੈਗੰਬਰ ਕਿਸ ਨੂੰ ਕਿਹਾ ਜਾਂਦਾ ਹੈ?

**ੳ) ਵੀਰ ਸਲਿੰਗਮ** ਅ) ਦਾਦਾ ਭਾਈ ਨਾਰੋਜੀ ੲ) ਨਾਰਾਇਣ ਗੁਰੂ ਸ) ਜੋਤਿਬਾ ਫੂਲੇ

51. ਦੂਜੀ ਗੋਲਮੇਜ ਕਾਨਫਰੰਸ ਵਿੱਚ ਨੀਵੀਆਂ ਜਾਤੀਆਂ ਦੇ ਲੋਕਾਂ ਨੂੰ ਰਾਜਨੀਤਿਕ ਅਧਿਕਾਰ ਦੇਣ ਦੀ ਸਿਫ਼ਾਰਿਸ਼ ਕਿਸ ਦੁਆਰਾ ਕੀਤੀ ਗਈ?

ੳ) ਸੁਭਾਸ਼ ਚੰਦਰ ਬੋਸ **ਅ) ਮਹਾਤਮਾ ਗਾਂਧੀ**

ੲ) ਡਾ. ਬੀ. ਆਰ. ਅੰਬੇਦਕਰ ਸ) ਪਰਿਆਰ ਰਾਮਾ ਸਵਾਮੀ

52.ਪਲਾਸੀ ਅਤੇ ਬਕਸਰ ਦੀ ਲੜਾਈ ਤੋਂ ਬਾਅਦ ਈਸਟ ਇੰਡੀਆ ਕੰਪਨੀ ਦੀ ਕਿਸ ਰਾਜਧਾਨੀ ਦੀ ਮਹੱਤਤਾ ਵੱਧ ਗਈ ਸੀ?

(ੳ) ਮਦਰਾਸ (ਅ) ਚੇੱਨਈ **(ੲ) ਕਲਕੱਤਾ** (ਸ) ਕੇਰਲਾ

53. ਈਸਟ ਇੰਡੀਆ ਕੰਪਨੀ ਦੇ ਮਦਰਾਸ ਕੇਂਦਰ ਦੀ ਸਥਾਪਨਾ 1639 ਈ. ਵਿੱਚ ਕਿਸ ਦੁਆਰਾ ਕੀਤੀ ਗਈ?

(ੳ) ਜੈਨ **(ਅ) ਫਰਾਂਸਿਸ ਡੇ** (ੲ) ਵਾਸਕੋ-ਡੀ-ਗਾਮਾ (ਸ) ਉਕਤ ਕੋਈ ਨਹੀਂ।

54. ਕਿਹੜਾ ਨਗਰ ਪੁਰਤਗਾਲੀਆਂ ਨੇ ਦਾਜ ਦੇ ਰੂਪ ਵਿੱਚ ਇੰਗਲੈਂਡ ਨੂੰ ਦੇ ਦਿੱਤਾ ਸੀ?

**(ੳ) ਮੁੰਬਈ/ਬੰਬਈ** (ਅ) ਕਲੱਕਤਾ (ੲ) ਮਦਰਾਸ (ਸ) ਬੰਗਾਲ

55. 1911 ਈ. ਵਿੱਚ ਅੰਗਰੇਜਾਂ ਦੁਆਰਾ ਕਿਸ ਨਗਰ ਨੂੰ ਆਪਣੀ ਰਾਜਧਾਨੀ ਬਣਾਇਆ ਗਿਆ?

**(ੳ) ਦਿੱਲੀ** (ਅ) ਪਟਨਾ (ੲ) ਨਾਗਪੁਰ (ਸ) ਗੁਜਰਾਤ

56. 'ਗੋਦਾਨ' ਅਤੇ 'ਰੰਗਭੂਮੀ' ਨਾਂ ਦੀਆਂ ਪ੍ਰਸਿੱਧ ਰਚਨਾਵਾਂ ਕਿਸ ਦੀਆਂ ਸਨ?

(ੳ) ਮਧੂਸੂਦਨ ਦੱਤਾ **(ਅ) ਮੁਨਸ਼ੀ ਪ੍ਰੇਮ ਚੰਦ**

(ੲ) ਰਵਿੰਦਰ ਨਾਥ ਟੈਗੋਰ (ਸ) ਉਪਰੋਕਤ ਕੋਈ ਨਹੀਂ

57. ਭਾਰਤ ਦਾ ਰਾਸ਼ਟਰੀ ਗੀਤ ਬੈਂਕਿਮ ਚੰਦਰ ਚੈਟਰਜੀ ਦੇ ਕਿਸ ਨਾਵਲ ਦਾ ਹਿੱਸਾ ਹੈ?

**(ੳ) ਆਨੰਦ ਮੱਠ** (ਅ) ਦੇਸੀ ਗੀਤ (ੲ) ਕਲਾ ਭਵਨ (ੲ) ਅਮਰ ਸੋਨਾਰ ਬਾਂਗਲਾ

58. ਬਾਲ ਗੰਗਾਧਰ ਤਿਲਕ ਦੁਆਰਾ ਕਿਹੜਾ ਪ੍ਰਸਿੱਧ ਸਮਾਚਾਰ ਪੱਤਰ ਛਾਪਿਆ ਗਿਆ?

(ੳ) ਕਲੱਕਤਾ ਜਨਰਲ (ਅ) ਦਰਪਨ **(ੲ) ਕੇਸਰੀ** (ਸ) ਦਿਗ ਦਰਸ਼ਨ

59. ਜੁਹੂ ਬੀਚ, ਚੌਪਾਟੀ, ਕੋਲਾਬਾ ਅਤੇ ਮਾਲਾਬਾਰ ਹਿਲ ਕਿਸ ਮਹਾਂਨਗਰ ਵਿੱਚ ਸਥਿੱਤ ਹਨ?

(ੳ) ਮਦਰਾਸ **(ਅ)ਬੰਬਈ(ਮੁੰਬਈ)** (ੲ)ਕਲਕੱਤਾ (ਸ) ਦਿੱਲੀ

60. ਮਦਰਾਸ (ਚੇਨੱਈ) ਨਗਰ, ਭਾਰਤ ਦੇ ਕਿਸ ਰਾਜ ਵਿੱਚ ਸਥਿੱਤ ਹੈ?

(ੳ) ਤਾਮਿਲਨਾਡੂ (ਅ) ਉੱਤਰ ਪ੍ਰਦੇਸ਼ (ੲ) ਮਹਾਂਰਾਸਟਰ (ਸ) ਆਂਧਰਾ ਪ੍ਰਦੇਸ਼

61. ਬੰਗਾਲ ਦੀ ਵੰਡ ਕਦੋਂ ਅਤੇ ਕਿਸ ਗਵਰਨਰ ਜਨਰਲ ਨੇ ਕੀਤੀ ਸੀ?

**(ੳ) 1905 ਈ. ਵਿੱਚ ਲਾਰਡ ਕਰਜਨ** (ਅ) 1907ਈ. ਵਿੱਚ ਲਾਰਡ ਡਲਹੌਜ਼ੀ

(ੲ) 1909 ਈ. ਵਿੱਚ ਵਾਰਨ ਹੇਸਟਿੰਗਜ਼ (ਸ) 1911 ਈ. ਵਿੱਚ ਲਾਰਡ ਕਾਰਨਵਾਲਿਸ

62. ਹੇਠ ਲਿਖਿਆਂ ਵਿੱਚ ਕਿਹੜੇ ਉਦਾਰਵਾਦੀ ਨੇਤਾ ਸਨ?

(ੳ) ਦਾਦਾ ਭਾਈ ਨਾਰੋਜੀ (ਅ) ਸੁਰਿੰਦਰ ਨਾਥ ਬੈਨਰਜੀ

**(ੲ) ਉਪਰੋਕਤ ਦੋਵੇਂ** (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

63. ਇੰਡੀਅਨ ਨੈਸ਼ਨਲ ਕਾਂਗਰਸ ਦੀ ਪਹਿਲੀ ਮੀਟਿੰਗ ਕਦੋਂ ਹੋਈ?

**(ੳ) 29 ਤੋਂ 30 ਦਸੰਬਰ 1885 ਵਿੱਚ** (ਅ) 20 ਤੋਂ 28 ਦਸੰਬਰ 1885 ਵਿੱਚ

(ੲ) 25 ਤੋਂ 30 ਦਸੰਬਰ 1885 ਵਿੱਚ (ਸ) ਉਪਰੋਕਤ ਵਿੱਚੋਂ ਕੋਈ ਨਹੀਂ

64. "ਅਸੀ ਅੰਗਰੇਜਾਂ ਨਾਲ ਕੋਈ ਸੰਬੰਧ ਨਹੀ ਰੱਖਣਾ ਚਾਹੁੰਦੇ ਹਾਂ, ਅਸੀ ਭਾਰਤ ਵਿੱਚ ਆਪਣੀ ਸਰਕਾਰ ਚਾਹੁੰਦੇ ਹਾਂ"-ਇਹ ਸ਼ਬਦ ਕਿਸ ਦੁਆਰਾ ਕਹੇ ਗਏ ਸਨ?

(ੳ) ਲਾਲਾ ਲਾਜਪਤ ਰਾਏ (ਅ) ਬਾਲ ਗੰਗਾਧਰ ਤਿਲਕ

**(ੲ) ਵਿਪਨ ਚੰਦਰਪਾਲ** (ਸ) ਮਹਾਤਮਾ ਗਾਂਧੀ

65. ਗਦਰ ਪਾਰਟੀ ਦੀ ਸਥਾਪਨਾ ਕਦੋਂ ਕੀਤੀ ਗਈ?

(ੳ) 1902 ਈ. **(ਅ) 1913 ਈ.** (ੲ) 1885 ਈ. (ਸ) 1905 ਈ.

66. ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਕਦੋਂ ਅਤੇ ਕਿੱਥੇ ਹੋਈ ਸੀ?

**(ੳ) 28 ਦਸੰਬਰ, 1885 ਨੂੰ ਬੰਬਈ (ਮੁੰਬਈ) ਵਿੱਚ** (ਅ) 28 ਨਵੰਬਰ, 1885 ਨੂੰ ਕਲਕੱਤਾ ਵਿੱਚ

(ੲ) 28 ਅਕਤੂਬਰ, 1885 ਨੂੰ ਚੇਨੱਈ ਵਿੱਚ (ਸ) 28 ਸਤੰਬਰ, 1885 ਨੂੰ ਬਿਹਾਰ ਵਿੱਚ

67. 'ਦਿੱਲੀ ਚਲੋ' ਦਾ ਨਾਅਰਾ ਕਿਸ ਵੱਲੋਂ ਦਿੱਤਾ ਗਿਆ?

**(ੳ) ਸੁਭਾਸ ਚੰਦਰ ਬੋਸ** (ਅ) ਮਹਾਤਮਾ ਗਾਂਧੀ

(ੲ) ਸ਼ਹੀਦ ਭਗਤ ਸਿੰਘ (ਸ) ਜਵਾਹਰ ਲਾਲ ਨਹਿਰੂ

68. 'ਨਾ ਅਪੀਲ ਨਾ ਵਕੀਲ, ਨਾ ਦਲੀਲ' ਇਹ ਸ਼ਬਦ ਕਿਸ ਨੇ ਕਿਹੇ?

(ੳ) ਡਾ. ਸਤਪਾਲ ਜੀ (ਅ) ਮਹਾਤਮਾ ਗਾਂਧੀ

(ੲ) ਅਜਮਲ ਖਾਂ **(ਸ) ਪੰਡਿਤ ਮੋਤੀ ਲਾਲ ਨਹਿਰੂ**

69. 'ਖਿਲਾਫ਼ਤ ਅੰਦੋਲਨ' ਦੀ ਅਗਵਾਈ ਕਿਨ੍ਹਾਂ ਦੁਆਰਾ ਕੀਤੀ ਗਈ?

(ੳ) ਸ਼ੌਕਤ ਅਲੀ (ਅ) ਮੁਹੰਮਦ ਅਲੀ (ੲ) ਅਬੁਲ ਕਲਾਮ ਅਜ਼ਾਦ **(ਸ) ਉਪਰੋਕਤ ਸਾਰੇ**

70.ਮਹਾਤਮਾ ਗਾਂਧੀ ਨੇ ਅੰਗਰੇਜ਼ੀ ਸਰਕਾਰ ਖਿਲਾਫ਼ ਨਾ-ਮਿਲ਼ਵਰਤਨ ਅੰਦੋਲਨ ਕਦੋਂ ਸ਼ੁਰੂ ਕੀਤਾ ਸੀ?

(ੳ) 1818 ਈ. **(ਅ) 1920 ਈ.** (ੲ) 1947 ਈ. (ਸ) 1957 ਈ.

71. ਮਹਾਤਮਾ ਗਾਂਧੀ ਜੀ ਨੇ ਨਾ-ਮਿਲਵਰਤਨ ਅੰਦੋਲਨ ਕਿੱਥੇ ਮੁਲਤਵੀ ਕੀਤਾ?

(ੳ) ਗੋਰਖਪੁਰ (ਅ) ਕਲਕੱਤਾ **(ੲ) ਚੌਰੀ-ਚੌਰਾ** (ਸ) ਪੋਰਬੰਦਰ

72. ਮਹਾਤਮਾ ਗਾਂਧੀ ਨੇ ਅੰਗਰੇਜ਼ੀ ਸਰਕਾਰ ਖਿਲਾਫ਼ ਭਾਰਤ ਛੱਡੋ ਅੰਦੋਲਨ ਕਦੋਂ ਸ਼ੁਰੂ ਕੀਤਾ ਸੀ?

(ੳ)1940ਈ. **(ਅ) 1942ਈ.** (ੲ) 1944ਈ. (ਸ) 1946ਈ.

## ਨਾਗਰਿਕ ਸ਼ਾਸਤਰ

1. ਭਾਰਤ ਦਾ ਸੰਵਿਧਾਨ ਕਦੋਂ ਲਾਗੂ ਕੀਤਾ ਗਿਆ ਸੀ।

(ੳ) 26 ਨਵੰਬਰ 1949 **(ਅ) 26 ਜਨਵਰੀ 1950**

(ੲ) 26 ਜਨਵਰੀ 1930 (ਸ) 26 ਜਨਵਰੀ 1949

2.ਸੰਵਿਧਾਨ ਸਭਾ ਦੀ ਮਸੌਦਾ ਕਮੇਟੀ ਦੇ ਕੌਣ ਪ੍ਰਧਾਨ ਸਨ ?

(ੳ) ਡਾ.ਰਾਜਿੰਦਰ ਪ੍ਰਸਾਦ **(ਅ) ਡਾ.ਬੀ.ਆਰ.ਅੰਬੇਦਕਰ**

(ੲ) ਮਹਾਤਮਾ ਗਾਂਧੀ (ਸ) ਪੰਡਿਤ ਜਵਾਹਰ ਲਾਲ ਨਹਿਰੂ

3.ਹੇਠ ਲਿਖਿਆਂ ਵਿੱਚ ਭਾਰਤ 'ਚ ਕੌਣ ਸਰਵ-ਉੱਚ ਹੈ-

ੳ) ਪ੍ਰਧਾਨ ਮੰਤਰੀ (ਅ) ਰਾਸ਼ਟਰਪਤੀ ੲ) ਨਿਆਂਪਾਲਿਕਾ **(ਸ) ਸੰਵਿਧਾਨ**

4. ਮਸੌਦਾ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਦੱਸੋ ?

ੳ. 11 (ਅ) 18 **(ੲ) 07** (ਸ) 02

5. ਮੌਲਿਕ ਅਧਿਕਾਰ ਭਾਰਤੀ ਸੰਵਿਧਾਨ ਦੇ ਕਿਹੜੇ ਭਾਗ ਵਿਚ ਹਨ?

ੳ) ਪਹਿਲਾ ਭਾਗ (ਅ) ਦੂਸਰਾ ਭਾਗ **(ੲ) ਤੀਸਰਾ ਭਾਗ** (ਸ) ਚੌਥਾ ਭਾਗ

6.ਆਦਰਸ਼ਾਂ ਲਈ ਕਾਨੂੰਨ ਕਿੱਥੇ ਦਰਜ ਹਨ?

(ੳ) ਕਾਨੂੰਨ ਦੀਆਂ ਕਿਤਾਬਾਂ' ਚ (ਅ) ਪ੍ਰਸਤਾਵਨਾ 'ਚ

**(ੲ) ਭਾਰਤੀ ਸੰਵਿਧਾਨ 'ਚ** (ਸ)ਇਨ੍ਹਾਂ'ਚ ਕੋਈ ਵੀ ਨਹੀਂ

7.ਸੰਵਿਧਾਨ ਦੇ ਕਿਹੜੇ ਅਨੁਛੇਦ 'ਚ ਵਿਚ ਭਾਰਤੀ ਨਾਗਰਿਕਾਂ ਨੂੰ ਛੇ ਸੁਤੰਤਰਤਾਵਾਂ ਦਿੱਤੀਆਂ ਗਈਆਂ ਹਨ?

(ੳ) ਅਨੁਛੇਦ 18 (ਅ) ਅਨੁਛੇਦ 14 **(ੲ) ਅਨੁਛੇਦ 19** (ਸ) ਅਨੁਛੇਦ 17

8. 'ਮੁਫ਼ਤ ਅਤੇ ਲਾਜਮੀ ਵਿਦਿਆ ਦਾ ਅਧਿਕਾਰ' ਕਿਹੜੀ ਜਮਾਤ ਤੱਕ ਲਾਗੂ ਹੈ?

(ੳ) ਪੰਜਵੀਂ (ਅ) **ਅੱਠਵੀਂ** ੲ) ਦਸਵੀਂ (ਸ) ਬਾਰਵੀਂ

9. ਮਨੁੱਖ ਦਾ ਵਪਾਰ ਕਰਨ ਦੀ ਮਨਾਹੀ ਕਿਸ ਅਧਿਕਾਰ ਅਧੀਨ ਦਰਜ ਹੈ ?

(ੳ) ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ (ਅ) ਸਮਾਨਤਾ ਦਾ ਅਧਿਕਾਰ

ੲ) **ਸੋਸ਼ਣ ਵਿਰੁੱਧ ਅਧਿਕਾਰ** (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

10. ਭਾਰਤ ਵਿੱਚ ਸਿੱਖਿਆ ਅਧਿਕਾਰ ਐਕਟ ਕਦੋਂ ਤੋਂ ਲਾਗੂ ਹੈ?

(ੳ) 4 ਅਗਸਤ 2009 (ਅ) ਦਸੰਬਰ 2002 ੲ) **1 ਅਪ੍ਰੈਲ 2010** (ਸ) 1 ਅਪ੍ਰੈਲ 2009

11. ਸਿੱਖਿਆ ਦਾ ਅਧਿਕਾਰ ਸੰਵਿਧਾਨ 'ਚ ਕਿਸ ਧਾਰਾ ਅਧੀਨ ਦਰਜ ਹੈ?

(ੳ) ਧਾਰਾ 21 (ਅ) **ਧਾਰਾ 21-A** ੲ) ਧਾਰਾ 20 (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

12. ਰਾਸ਼ਟਰਪਤੀ ਰਾਜ ਸਭਾ ਵਿੱਚ ਕਿੰਨ੍ਹੇ ਮੈਂਬਰ ਨਾਮਜ਼ਦ ਕਰ ਸਕਦਾ ਹੈ?

ੳ) 8 **ਅ) 12** ੲ) 02 ਸ) 10

13. ਪੰਜਾਬ ਵਿਚੋਂ ਰਾਜ ਸਭਾ ਲਈ ਕਿੰਨ੍ਹੇ ਮੈਂਬਰ ਚੁਣੇ ਜਾਂਦੇ ਹਨ?

ੳ) 11 ਅ) 13 **ੲ) 07** ਸ) 02

14. ਸੰਸਦ ਦੇ ਦੋਨਾਂ ਸਦਨਾਂ 'ਚ ਹੋਏ ਮੱਤਭੇਦ ਨੂੰ ਕੌਣ ਦੂਰ ਕਰਦਾ ਹੈ?

ੳ) ਸਪੀਕਰ ਅ) ਪ੍ਰਧਾਨ ਮੰਤਰੀ **ੲ) ਰਾਸ਼ਟਰਪਤੀ** ਸ) ਉੱਪ-ਰਾਸ਼ਟਰਪਤੀ

15. ਸੁਪਰੀਮ ਕੋਰਟ ਨੂੰ ਵਿਸ਼ੇਸ਼ ਅਧਿਕਾਰ ਸੰਵਿਧਾਨ ਦੀ ਕਿਸ ਧਾਰਾ ਅਧੀਨ ਪ੍ਰਾਪਤ ਹਨ ?

(ੳ) ਧਾਰਾ 134 (ਅ) ਧਾਰਾ 135 **(ੲ) ਧਾਰਾ 136** (ਸ) ਧਾਰਾ 137

16. ਉੱਚ ਅਦਾਲਤਾਂ ਦਾ ਗਠਨ ਕਿੱਥੇ ਕੀਤਾ ਜਾਂਦਾ ਹੈ?

(ੳ) ਜ਼ਿਲ੍ਹਾ ਪੱਧਰ (ਅ) ਤਹਿਸੀਲ ਪੱਧਰ **(ੲ) ਰਾਜ ਪੱਧਰ** (ਸ) ਪਿੰਡ ਪੱਧਰ

17. ਜਨਹਿੱਤ ਮੁਕੱਦਮਾ ਕਦੋਂ ਦਰਜ ਹੋ ਸਕਦਾ ਹੈ ?

(ੳ) ਨਿੱਜੀ ਹਿੱਤਾਂ ਦੀ ਰਾਖੀ ਲਈ (ਅ) ਸਰਕਾਰੀ ਹਿੱਤਾਂ ਦੀ ਰਾਖੀ ਲਈ

**(ੲ) ਜਨਤਕ ਹਿੱਤਾਂ ਦੀ ਰਾਖੀ ਲਈ** (ਸ) ਇਨ੍ਹਾਂ ਚੋਂ ਕੋਈ ਨਹੀਂ।

ਉੱਤਰ:- ਜਨਤਕ ਹਿੱਤਾਂ ਦੀ ਰਾਖੀ ਲਈ

18. "ਭਾਰਤ ਵਿੱਚ ਜਾਤੀ ਸਭ ਤੋਂ ਮਹੱਤਵਪੂਰਨ ਰਾਜਨੀਤਕ ਦਲ ਹੈ"। ਇਹ ਸ਼ਬਦ ਕਿਸ ਨੇ ਕਹੇ?

(ੳ) ਮਹਾਤਮਾ ਗਾਂਧੀ  (ਅ) ਪੰਡਿਤ ਜਵਾਹਰ ਲਾਲ ਨਹਿਰੂ

**(ੲ) ਸ੍ਰੀ ਜੈ ਪ੍ਰਕਾਸ਼ ਨਰਾਇਣ**  (ਸ) ਡਾ. ਬੀ. ਆਰ. ਅੰਬੇਦਕਰ

19. ਭਾਰਤੀਆਂ ਨੂੰ ਸਮਾਜਿਕ ਨਿਆਂ ਦੇਣ ਦੇ ਉਦੇਸ਼ ਨਾਲ ਸੰਵਿਧਾਨ 'ਚ ਕਿਹੜਾ ਮੌਲਿਕ ਅਧਿਕਾਰ ਦਰਜ ਕੀਤਾ ਗਿਆ ਹੈ?

(ੳ) ਸੁਤੰਤਰਤਾ ਦਾ ਅਧਿਕਾਰ  (ਅ) ਸ਼ੋਸ਼ਣ ਵਿਰੁੱਧ ਅਧਿਕਾਰ

**(ੲ) ਸਮਾਨਤਾ ਦਾ ਅਧਿਕਾਰ**  (ਸ) ਇਹਨਾਂ 'ਚੋਂ ਕੋਈ ਨਹੀਂ

20 .ਪੜ੍ਹੋ ਸਾਰੇ ਵਧੋ ਸਾਰੇ ਕਿਸ ਦਾ ਮਾਟੋ (ਲੋਗੋ) ਹੈ ?

(ੳ) ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ  **(ਅ) ਸਰਵ ਸਿੱਖਿਆ ਅਭਿਆਨ**

(ੲ) ਰਾਸ਼ਟਰੀ ਸ਼ਾਖਰਤਾ ਮਿਸ਼ਨ  (ਸ) ਪੰਜਾਬ ਸਕੂਲ ਸਿੱਖਿਆ ਬੋਰਡ

21. ਸਰਕਾਰੀ ਨੌਕਰੀਆਂ 'ਚ ਰਾਖਵਾਂਕਰਨ ਕਿੰਨ੍ਹਾਂ ਲਈ ਲਾਗੂ ਹੈ?

(ੳ) ਅਨੂਸੂਚਿਤ ਜਾਤੀਆਂ ਤੇ ਜਨਜਾਤੀਆਂ ਲਈ  (ਅ) ਕੇਵਲ ਪੱਛੜੀਆਂ ਸ਼੍ਰੇਣੀਆਂ ਲਈ

(ੲ) ਕੇਵਲ ਗਰੀਬ ਲੋਕਾਂ ਲਈ  **(ਸ) ਅਨੁਸੂਚਿਤ ਜਾਤੀਆਂ -ਜਨ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ।**

22. ATM ਦਾ ਪੂਰਾ ਨਾਂ ਕੀ ਹੈ?

**(ੳ) ਆਟੋਮੇਟਿਡ ਟੈਲਰ ਮਸ਼ੀਨ( Automated teller machine)**

(ਅ) ਆਲ ਟਾਈਮ ਮਨੀ (All time money)

(ੲ) ਐਨੀ ਟਾਈਮ ਮਨੀ (Any time money)

(ਸ) ਐਡਵਾਂਸ ਟਾਈਮ ਮਨੀ

23. ATM ਕਾਰਡ ਹੋਣ ਦੇ ਕੀ ਫਾਇਦੇ ਹਨ?

(ੳ) ਸਮਾਂ ਬਚਦਾ ਹੈ ਅਤੇ ਕਾਗਜ਼ੀ ਕਾਰਵਾਈ ਵੀ ਘੱਟਦੀ ਹੈ।  (ਅ) ਕਿਸੇ ਵੀ ਸਮੇਂ ਪੈਸੇ ਕਢਵਾਏ ਜਾ ਸਕਦੇ ਹਨ।

(ੲ) ਖਾਤੇ ਵਿੱਚ ਬਚੇ ਪੈਸੇ ਆਦਿ ਪਤਾ ਕਰਨਾ ਸੌਖਾ ਹੁੰਦਾ ਹੈ।  **(ਸ) ਉਪਰੋਕਤ ਸਾਰੇ ਹੀ।**

24. ਇੱਕ ATM ਕਾਰਡ ਨਾਲ ਕੀ-ਕੀ ਹੋ ਸਕਦਾ ਹੈ?

(ੳ) ਨਕਦ ਪੈਸੇ ਕਢਵਾਉਣਾ ਅਤੇ ਖਾਤੇ ਦਾ ਬਕਾਇਆ ਚੈੱਕ ਕਰਨਾ  (ਅ) ਬਿੱਲ ਦਾ ਭੁਗਤਾਨ ਕਰਨਾ

(ੲ) ਫੰਡਾਂ ਦਾ ਤਬਾਦਲਾ  **(ਸ) ਉਪਰੋਕਤ ਸਾਰੇ ਹੀ।**

**ਇੱਕ ਅੰਕ ਵਾਲੇ ਪ੍ਰਸ਼ਨ:- (ਖਾਲੀ ਥਾਵਾਂ ਭਰੋ)**

1. **ਮਿੱਟੀ** ਧਰਤੀ ਦੀ ਸਭ ਤੋਂ ਉੱਪਰਲੀ ਪਰਤ ਹੈ, ਜੋ ਮੂਲ ਚੱਟਾਨਾਂ ਦੇ ਟੁੱਟਣ ਭੱਜਣ, ਜਲਵਾਯੂ, ਜੀਵਾਂ ਅਤੇ ਰੁੱਖ ਬੂਟਿਆਂ ਦੇ ਗਲਣ-ਸੜਨ ਆਦਿ ਤੱਤਾਂ ਦੇ ਅਸਰ ਨਾਲ ਬਣਦੀ ਹੈ।
2. ਸਾਧਨ ਮਨੁੱਖ ਨੂੰ **ਕੁਦਰਤ** ਦੀ ਬਹੁਤ ਵੱਡੀ ਦੇਣ ਹਨ ।
3. ਮੁੱਕਣਯੋਗ ਸਾਧਨਾਂ ਦਾ ਭੰਡਾਰ **ਸੀਮਤ** ਹੈ।
4. ਮਨੁੱਖੀ ਬੁੱਧੀ, ਗਿਆਨ ਅਤੇ ਕੰਮ ਕਰਨ ਦੀ ਕੁਸ਼ਲਤਾ ਨੂੰ **ਮਨੁੱਖੀ ਸਾਧਨ** ਕਿਹਾ ਜਾਂਦਾ ਹੈ।
5. ਜਿਹੜੇ ਸਾਧਨ ਮੌਜੂਦ ਤਾਂ ਹਨ ਪਰ ਉਨ੍ਹਾਂ ਦੀ ਵਰਤੋਂ ਨਹੀਂ ਹੁੰਦੀ, ਉਨ੍ਹਾਂ ਨੂੰ **ਸੰਭਾਵਿਤ ਸਾਧਨ** ਕਿਹਾ ਜਾਂਦਾ ਹੈ।
6. ਚਾਹ ਦਾ ਪੌਦਾ ਇੱਕ **ਝਾੜੀ** ਵਰਗਾ ਹੁੰਦਾ ਹੈ।
7. ਚਾਵਲ ਮੁੱਖ ਤੌਰ 'ਤੇ ਗਰਮ ਅਤੇ ਤਰ **ਜਲਵਾਯੂ** ਵਾਲੇ ਦੇਸ਼ਾਂ ਵਿੱਚ ਪੈਦਾ ਕੀਤਾ ਜਾਂਦਾ ਹੈ।
8. ਕਪਾਹ, **ਕੱਪੜਾ ਉਦਯੋਗ** ਵਿੱਚ ਸਭ ਤੋਂ ਵਧੇਰੇ ਇਸਤੇਮਾਲ ਕੀਤਾ ਜਾਣ ਵਾਲਾ ਰੇਸ਼ਾ ਹੈ।
9. **ਅਫ਼ਰੀਕਾ ਮਹਾਂਦੀਪ** ਨੂੰ ਕੌਫੀ ਦੇ ਪੌਦੇ ਦਾ ਜਨਮਦਾਤਾ ਮੰਨਿਆ ਜਾਂਦਾ ਹੈ।

10. ਭਾਰਤ ਦੇਸ਼ ਚਾਵਲ ਦੀ ਪੈਦਾਵਾਰ ਵਿੱਚ ਸੰਸਾਰ ਭਰ ਵਿੱਚ **ਦੂਜੇ ਸਥਾਨ** 'ਤੇ ਹੈ।

11. **ਪਟਸਨ** ਦੀ ਵਰਤੋਂ ਰੱਸੇ, ਬੋਰੀਆਂ ਅਤੇ ਟਾਟ ਆਦਿ ਬਣਾਉਣ ਲਈ ਕੀਤੀ ਜਾਂਦੀ ਹੈ।

12. **ਚਲੰਤ ਖਾਤੇ** ਵਿੱਚ ਜਮ੍ਹਾਂ ਰਾਸ਼ੀ ਉੱਤੇ ਬੈਂਕ ਵਿਆਜ ਨਹੀਂ ਦਿੰਦਾ।

13. ਭਾਰਤੀ ਰਿਜ਼ਰਵ ਬੈਂਕ ਦੇ ਨਿਯਮਾਂ ਅਨੁਸਾਰ ਘੱਟੋ-ਘੱਟ **ਦਸ ਸਾਲ** ਦੀ ਉਮਰ ਤੋਂ ਉੱਪਰ ਦੇ ਨਾਬਾਲਗ ਬੱਚਤ ਖਾਤਾ ਬੈਂਕਾਂ ਵਿੱਚ ਖਾਤਾ ਖੁੱਲ੍ਹਵਾ ਸਕਦੇ ਹਨ।

14. **RTGS** ਰਾਹੀਂ ਕਿਸੇ ਇੱਕ ਬੈਂਕ ਦੇ ਗਾਹਕ ਦੇ ਖਾਤੇ ਵਿੱਚੋਂ ਕਿਸੇ ਦੂਜੀ ਬੈਂਕ ਦੇ ਗਾਹਕ ਦੇ ਖਾਤੇ ਵਿੱਚ ਪੈਸੇ ਭੇਜਣ ਲਈ ਇਲੈਕਟ੍ਰਾਨਿਕ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ।

15. **ਖੇਤਰੀ ਪੇਂਡੂ ਬੈਂਕ** ਨੂੰ ਖੇਤੀਬਾੜੀ ਅਤੇ ਪੇਂਡੂ ਕਰਜ਼ੇ ਪ੍ਰਦਾਨ ਕਰਨ ਦੀ ਅਹਿਮ ਭੂਮਿਕਾ ਸੌਂਪੀ ਗਈ ਸੀ।

16. **ਜਨਤਕ ਖੇਤਰ ਦੇ** ਬੈਂਕਾਂ ਦੀ ਮਲਕੀਅਤ ਅਤੇ ਕੰਟਰੋਲ ਸਰਕਾਰ ਦੇ ਹੱਥ ਹੁੰਦਾ ਹੈ।

17. **ਵਿਦੇਸ਼ੀ ਬੈਂਕ** ਮੂਲੋਂ ਵਿਦੇਸ਼ੀ ਬੈਂਕ ਹਨ ਅਤੇ ਉਹਨਾਂ ਦਾ ਮੁੱਖ ਦਫ਼ਤਰ ਉਹਨਾਂ ਦੇ ਮੂਲ ਸਥਾਨਾਂ ਤੇ ਹੀ ਸਥਿੱਤ ਹੁੰਦੇ ਹਨ।

18. **ਚੈੱਕ** ਇੱਕ ਅਜਿਹਾ ਦਸਤਾਵੇਜ਼ ਹੁੰਦਾ ਹੈ ਜੋ ਬੈਂਕ ਦੇ ਖਾਤੇ ਵਿੱਚ ਭੁਗਤਾਨ ਦਾ ਆਦੇਸ਼ ਦਿੰਦਾ ਹੈ।

19. MICR ਕੋਡ ਚੈੱਕ ਨੂੰ ਫੰਡ ਲੈਣ ਵਾਲੇ ਖਾਤੇ ਤੱਕ ਭੇਜਨ ਵਿੱਚ ਸਹਾਈ ਹੁੰਦਾ ਹੈ।

20. **ਪੈਟਰੋਲੀਅਮ** ਨੂੰ ਤਰਲ ਸੋਨੇ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

21. ਕੁਦਰਤੀ ਗੈਸ **ਪੈਟਰੋਲੀਅਮ** ਪਦਾਰਥਾਂ ਤੋਂ ਪੈਦਾ ਹੁੰਦੀ ਹੈ।

22. ਭਾਰਤ ਦਾ **ਕਰਨਾਟਕ** ਰਾਜ ਸਭ ਤੋਂ ਵੱਧ ਸੋਨਾ ਪੈਦਾ ਕਰਨ ਵਾਲਾ ਰਾਜ ਹੈ।

23. ਜਦੋਂ ਕੁੱਝ ਖਤਰੇ ਮਨੁੱਖ ਲਈ ਘਾਤਕ ਬਣ ਜਾਂਦੇ ਹਨ ਤਾਂ ਉਹਨਾਂ ਨੂੰ **ਆਫ਼ਤਾਂ** ਦਾ ਨਾਂ ਦਿੱਤਾ ਜਾਂਦਾ ਹੈ।

24. **ਆਫ਼ਤ ਪ੍ਰਬੰਧਨ** ਦਾ ਵਿਸ਼ਾ ਕੁਦਰਤੀ ਅਤੇ ਮਨੁੱਖੀ ਆਫਤਾਂ ਤੋਂ ਬਚ-ਬਚਾਅ ਜਾਂ ਨੁਕਸਾਨ ਨੂੰ ਘੱਟ ਕਰਨ ਸਬੰਧੀ ਹੈ।

25. ਧਰਤੀ ਦੇ ਹਿੱਲਣ ਨੂੰ ਅਸੀਂ **ਭੂਚਾਲ** ਦਾ ਨਾਂ ਦਿੰਦੇ ਹਾਂ।

26.ਯੂਰਪ ਵਿੱਚ ਆਧੁਨਿਕ ਕਾਲ ਦਾ ਆਰੰਭ **16ਵੀਂ** ਸਦੀ ਵਿੱਚ ਹੋਇਆ ਮੰਨਿਆ ਜਾਂਦਾ ਹੈ ।

27. ਭਾਰਤ ਵਿੱਚ 16 ਵੀਂ ਸਦੀ ਵਿੱਚ **ਮੱਧ ਕਾਲ** ਸੀ।

28.18ਵੀਂ ਸਦੀ ਵਿੱਚ ਭਾਰਤ ਵਿੱਚ **ਮਰਾਠੇ, ਸਿੱਖ, ਰੁਹੇਲੇ,** ਪਠਾਨ ਅਤੇ ਰਾਜਪੂਤ ਆਦਿ ਨਵੀਆਂ ਸ਼ਕਤੀਆਂ ਦਾ ਉਭਾਰ ਹੋਇਆ।

29. ਕਬਾਇਲੀ ਸਮਾਜ ਭਾਰਤ ਦੀ ਅਬਾਦੀ ਦਾ ਇੱਕ **ਮਹੱਤਵਪੂਰਨ** ਹਿੱਸਾ ਹੈ ।

30. ਕਬਾਇਲੀ ਲੋਕ **ਇੱਕ** ਜਾਂ **ਦੋ** ਕਮਰਿਆਂ ਵਾਲੀਆਂ ਝੌਂਪੜੀਆਂ ਵਿੱਚ ਰਹਿੰਦੇ ਹਨ ।

31. ਪੂਰਬ ਵਿੱਚ ਜੈਂਤੀਆਂ ਪਹਾੜੀਆਂ ਤੋਂ ਲੈ ਕੇ ਪੱਛਮ ਵਿੱਚ ਗਾਰੋ ਪਹਾੜੀਆਂ ਤੱਕ ਦੇ ਖੇਤਰ ਵਿੱਚ **ਖਾਸੀ** ਕਬੀਲੇ ਦਾ ਰਾਜ ਸੀ ।

32. ਜਦੋਂ ਬਰਤਾਨਵੀ ਸੈਨਿਕ ਖਾਸੀ ਕਬੀਲੇ ਦੇ ਵਿਦਰੋਹ ਦਾ ਸਾਹਮਣਾ ਕਰ ਰਹੇ ਸਨ ਤਾਂ ਉਸ ਸਮੇਂ ਹੀ ਇੱਕ ਹੋਰ ਪਹਾੜੀ ਕਬੀਲੇ **ਸਿੰਗਫੋਸ** ਨੇ ਬਗਾਵਤ ਕਰ ਦਿੱਤੀ।

33. ਹਿੰਦੂ ਸਮਾਜ ਵਿੱਚ ਇਸਤਰੀਆਂ ਨੂੰ **ਜੱਦੀ** ਜਾਇਦਾਦ ਲੈਣ ਦਾ ਅਧਿਕਾਰ ਨਹੀਂ ਸੀ।

34. ਆਪਣੇ ਭਰਾ ਦੀ ਪਤਨੀ ਦੇ ਸਤੀ ਹੋਣ ਪਿੱਛੋਂ **ਰਾਜਾ ਰਾਮ ਮੋਹਨ ਰਾਏ** ਦੀ ਜ਼ਿੰਦਗੀ ਵਿੱਚ ਨਵਾਂ ਮੋੜ ਆਇਆ।

35. 1872 ਈ. ਵਿੱਚ ਕੇਸ਼ਵ ਚੰਦਰ ਸੇਨ ਦੇ ਯਤਨਾਂ ਸਦਕਾ **ਦੂਜੇ ਵਿਆਹ** 'ਤੇ ਪਾਬੰਦੀ ਲਗਾਈ ਗਈ।

36. ਤਲਾਕ ਪ੍ਰਥਾ ਦਾ **ਸਰ ਸੱਯਦ ਅਹਿਮਦ ਖਾਂ** ਨੇ ਵਿਰੋਧ ਕੀਤਾ।

37. **ਸ੍ਰੀਮਤੀ ਐਨੀ ਬੇਸੈਂਟ** 1886 ਈ. ਵਿੱਚ ਇੰਗਲੈਂਡ ਵਿੱਚ ਥਿਓਸੋਫ਼ੀਕਲ ਸੁਸਾਇਟੀ ਵਿੱਚ ਸ਼ਾਮਿਲ ਹੋਈ।

38. ਸਮਾਜ ਚਾਰ ਵਰਗਾਂ ਵਿੱਚ ਵੰਡਿਆ ਹੋਇਆ ਸੀ ਬ੍ਰਾਹਮਣ, ਕਸ਼ੱਤਰੀ, **ਵੈਸ਼** ਅਤੇ ਸ਼ੂਦਰ।

39. ਜੋਤਿਬਾ ਫੂਲੇ ਨੂੰ **ਮਹਾਤਮਾ** ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ।

40. ਡਾ. ਭੀਮ ਰਾਓ ਅੰਬੇਦਕਰ ਨੇ **1936** ਈ. ਵਿੱਚ ਇੰਡੀਪੈਂਡੈਂਟ ਲੇਬਰ ਪਾਰਟੀ ਆਫ ਇੰਡੀਆ ਦੀ ਸਥਾਪਨਾ ਕੀਤੀ।

41. ਮਹਾਤਮਾ ਗਾਂਧੀ ਨੇ ਨੀਵੀਂ ਜਾਤੀ ਦੇ ਲੋਕਾਂ ਲਈ ਹਰੀਜ਼ਨ ਸ਼ਬਦ ਦੀ ਵਰਤੋਂ ਕੀਤੀ, ਜਿਸ ਦਾ ਭਾਵ ਅਰਥ ਸੀ- **ਈਸ਼ਵਰ ਦੇ ਬੱਚੇ।**

42. ਪ੍ਰਾਚੀਨ ਕਾਲ ਵਿੱਚ **ਹੜੱਪਾ** ਅਤੇ ਮੋਹਿੰਜੋਦੜੋ ਦੋ ਉੱਨਤ ਸ਼ਹਿਰ ਸਨ।

43. **ਫਤਿਹਪੁਰ ਸੀਕਰੀ** ਮੁਗਲ ਬਾਦਸ਼ਾਹ ਅਕਬਰ ਦੀ ਰਾਜਧਾਨੀ ਸੀ।

44. **ਮਦਰਾਸ** ਦਾ ਵਰਤਮਾਨ ਨਾਂ ਚੇਨੱਈ ਹੈ।

45. ਲਾਰਡ **ਕਾਰਨਵਾਲਿਸ** ਨੇ ਦੇਸ਼ ਵਿੱਚ ਕਾਨੂੰਨ ਵਿਵਸਥਾ ਕਾਇਮ ਕਰਨ ਲਈ ਪੁਲਿਸ ਵਿਭਾਗ ਦੀ ਸਥਾਪਨਾ ਕੀਤੀ।

46. 19ਵੀਂ ਸਦੀ ਵਿੱਚ **ਬੰਗਾਲੀ** ਭਾਸ਼ਾ ਵਿੱਚ ਬਹੁਤ ਸਾਰਾ ਸਾਹਿਤ ਲਿਖਿਆ ਗਿਆ।

47. 'ਬੰਦੇ ਮਾਤਰਮ' ਦਾ ਰਾਸ਼ਟਰੀ ਗੀਤ **ਬੰਕਿਮ ਚੰਦਰ ਚੈਟਰਜੀ** ਨੇ ਲਿਖਿਆ।

48. ਮੁਨਸ਼ੀ ਪ੍ਰੇਮ ਚੰਦ ਨੇ **ਉਰਦੂ** ਅਤੇ **ਹਿੰਦੀ** ਭਾਸ਼ਾ ਵਿੱਚ ਕਈ ਨਾਵਲ ਲਿਖੇ।

49. ਅੰਮ੍ਰਿਤਾ ਸ਼ੇਰ ਗਿੱਲ ਅਤੇ **ਜਾਰਜ ਕੀਟ** ਪ੍ਰਸਿੱਧ ਭਾਰਤੀ ਚਿੱਤਰਕਾਰ ਸਨ।

50. ਪ੍ਰਸਤਾਵਨਾ ਨੂੰ ਸੰਵਿਧਾਨ ਦੀ **ਕੁੰਜੀ** ਵੀ ਕਿਹਾ ਜਾਂਦਾ ਹੈ।

51. ਭਾਰਤੀ ਸੰਵਿਧਾਨ ਦੇ ਅਨੁਛੇਦ **14 ਤੋਂ 32** ਤੱਕ ਮੌਲਿਕ ਅਧਿਕਾਰ ਦਰਜ ਹਨ।

52. ਸੰਵਿਧਾਨ ਦੀ 42 ਵੀਂ ਸੋਧ ਰਾਹੀਂ ਪ੍ਰਸਤਾਵਨਾ 'ਚ **ਸਮਾਜਵਾਦੀ** ਅਤੇ **ਧਰਮ ਨਿਰਪੱਖ** ਸ਼ਬਦ ਦਰਜ਼ ਕੀਤੇ ਗਏ।

53. ਸਾਰੇ ਧਰਮਾਂ ਨਾਲ ਬਰਾਬਰੀ ਦਾ ਵਿਵਹਾਰ ਕਰਨ ਨੂੰ **ਧਰਮ ਨਿਰਪੱਖਤਾ** ਕਿਹਾ ਜਾਂਦਾ ਹੈ।

54. ਭਾਰਤੀ ਸੰਵਿਧਾਨ ਵਿੱਚ ਛੇ ਮੌਲਿਕ ਅਧਿਕਾਰ ਦਰਜ ਕੀਤੇ ਗਏ ਹਨ।

55. ਭਾਰਤੀ ਸੰਵਿਧਾਨ 'ਚ ਮੌਲਿਕ ਅਧਿਕਾਰ ਅਨੁਛੇਦ **14 ਤੋਂ 32** ਤੱਕ ਦਰਜ ਹਨ।

56. ਸੰਵਿਧਾਨ ਦੀ ਧਾਰਾ **25 ਧਰਮ ਦੇ ਆਧਾਰ ਤੇ** ਵਿਤਕਰਿਆਂ ਦੀ ਮਨਾਹੀ ਕਰਦੀ ਹੈ।

57. ਪਹਿਲਾ ਮੌਲਿਕ ਅਧਿਕਾਰ **ਸਮਾਨਤਾ** ਦਾ ਅਧਿਕਾਰ ਹੈ।

58. ਪ੍ਰੈੱਸ ਦੀ ਆਜ਼ਾਦੀ **ਸੁਤੰਤਰਤਾ** ਦੇ ਅਧਿਕਾਰ ਅਧੀਨ ਦਿੱਤੀ ਗਈ ਹੈ।

59. **ਐੱਫ. ਆਈ. ਆਰ.** ਪਹਿਲੀ ਸੂਚਨਾ ਰਿਪੋਰਟ ਨੂੰ ਕਹਿੰਦੇ ਹਨ।

60. ਭਾਰਤ ਦੀ ਸਭ ਤੋਂ ਵੱਡੀ ਅਦਾਲਤ **ਸੁਪਰੀਮ ਕੋਰਟ** ਹੈ [

61. ਸਰਕਾਰ ਦੇ ਮੁੱਖ ਅੰਗ **ਵਿਧਾਨਪਾਲਿਕਾ**, **ਕਾਰਜਪਾਲਿਕਾ** ਅਤੇ **ਨਿਆਂਪਾਲਿਕਾ** ਹਨ।

62. ਸੁਪਰੀਮ ਕੋਰਟ ਦੇ ਜੱਜ **65** ਸਾਲ ਅਤੇ ਹਾਈ ਕੋਰਟ ਦੇ ਜੱਜ **62** ਸਾਲ ਦੀ ਉਮਰ ਤੱਕ ਪਦਵੀ 'ਤੇ ਰਹਿੰਦੇ ਹਨ।

63.ਪੀ.ਆਈ.ਐੱਲ ਤੋਂ ਭਾਵ **ਜਨਹਿੱਤ ਮੁਕੱਦਮਾ** ਹੈ।

64. ਫੌਜਦਾਰੀ ਮੁਕੱਦਮਾ ਧਾਰਾ **134** ਅਧੀਨ ਦਰਜ ਹੁੰਦਾ ਹੈ।

65. ਸਮਾਜਿਕ, ਰਾਜਨੀਤਿਕ ਤੇ ਆਰਥਿਕ ਨਿਆਂ ਦੇਣ ਦਾ ਵਾਅਦਾ **ਪ੍ਰਸਤਾਵਨਾ** ਵਿੱਚ ਕੀਤਾ ਗਿਆ ਹੈ।

66. ਭਾਰਤੀ ਸੰਵਿਧਾਨ ਦੇ ਅਨੁਛੇਦ **19 ਤੋਂ 22** ਤੱਕ ਸੁਤੰਤਰਤਾ ਦਿੱਤੀ ਗਈ ਹੈ।

67. ਭਾਰਤ ਵਿੱਚ ਲਗਪਗ **3000** ਤੋਂ ਵੱਧ ਜਾਤੀਆਂ ਹਨ।

68. **1984** ਦਿੱਲੀ 'ਚ **ਸਿੱਖਾਂ** ਦਾ ਕਤਲੇਆਮ ਹੋਇਆ [

69. ਭਾਰਤੀ ਸੰਵਿਧਾਨ ਨੇ **22** ਭਾਸ਼ਾਵਾਂ ਨੂੰ ਮਾਨਤਾ ਦਿੱਤੀ ਹੈ [

70. ਮੰਡਲ ਕਮਿਸ਼ਨ ਦੀ ਸਥਾਪਨਾ **1979** ਵਿੱਚ ਕੀਤੀ ਗਈ।

**ਸਹੀ/ਗਲਤ ਲਿਖੋ:-**

1. ਖਣਿਜ ਪਦਾਰਥ ਧਰਤੀ ਵਿੱਚੋਂ ਮਿਲਣ ਵਾਲੇ ਪਦਾਰਥ ਹਨ।**(ਸਹੀ)**
2. ਸਾਧਨਾਂ ਦੀ ਸਾਂਭ-ਸੰਭਾਲ ਅਤੇ ਵਰਤੋਂ ਸਬੰਧੀ ਨਿਯਮ ਬਣਾਉਣੇ ਚਾਹੀਦੇ ਹਨ। **(ਸਹੀ)**
3. ਜੀਵ-ਜੰਤੂ ਅਤੇ ਪੌਦੇ ਜੀਵ ਸਾਧਨ ਅਖਵਾਉਂਦੇ ਹਨ। **(ਸਹੀ)**
4. ਖੇਤੀਬਾੜੀ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਪੁਰਾਣਾ ਕਿੱਤਾ ਹੈ।**(ਸਹੀ)**
5. ਮੱਕੀ ਤੋਂ ਗੁਲੂਕੋਜ਼, ਸਟਾਰਚ, ਅਲਕੋਹਲ ਅਤੇ ਬਨਸਪਤੀ ਤੇਲ ਤਿਆਰ ਕੀਤਾ ਜਾਂਦਾ ਹੈ।**(ਸਹੀ)**
6. ਸੰਸਾਰ ਦਾ 90% ਚਾਵਲ ਭਾਰਤ ਦੁਆਰਾ ਪੈਦਾ ਕੀਤਾ ਜਾਂਦਾ ਹੈ।(**ਗਲਤ**)
7. ਲਿਗਨਾਈਟ ਕੋਲੇ ਦੀ ਸਭ ਤੋਂ ਵਧੀਆ ਕਿਸਮ ਹੁੰਦੀ ਹੈ। (**ਗਲਤ**)

8. ਪੈਟਰੋਲੀਅਮ ਕੱਚੇ ਤੇਲ ਦੇ ਰੂਪ ਵਿੱਚ ਪ੍ਰਾਪਤ ਹੁੰਦਾ ਹੈ। **(ਸਹੀ)**

9. ਸੈਂਟਰਲ ਆਫਤ ਪ੍ਰਬੰਧਨ ਅਥਾਰਟੀ ਨਵੀਂ ਦਿੱਲੀ ਵਿਖੇ ਸਥਿੱਤ ਹੈ।**(ਸਹੀ)**

10. ਬੰਬ ਧਮਾਕੇ, ਦਹਿਸ਼ਤੀ ਹਮਲੇ ਆਦਿ ਕੁਦਰਤੀ ਆਫਤਾਂ ਦੀ ਇੱਕ ਚੰਗੀ ਉਦਾਹਰਣ ਹੈ। (**ਗਲਤ**)

11. ਭੂਚਾਲ ਦੀ ਤੀਬਰਤਾ ਨੂੰ ਰਿਕਟਰ ਪੈਮਾਨਾ 'ਤੇ ਮਾਪਿਆ ਜਾਂਦਾ ਹੈ।**(ਸਹੀ)**

12. ਭੂਚਾਲ ਰਿਕਾਰਡ ਕਰਨ ਵਾਲੇ ਯੰਤਰ ਨੂੰ ਭੂਚਾਲ ਮਾਪੀ ਯੰਤਰ ਜਾਂ ਸਿਜਮੋਗ੍ਰਾਫ਼ ਕਿਹਾ ਜਾਂਦਾ ਹੈ। **(ਸਹੀ)**

13. ਭਾਰਤ ਵਿੱਚ ਤੂਫ਼ਾਨ ਨੂੰ ਹਰੀਕੇਨ ਵੀ ਕਿਹਾ ਜਾਂਦਾ ਹੈ।(**ਗਲਤ**)

14. 18 ਵੀਂ ਸਦੀ ਵਿੱਚ ਭਾਰਤੀ ਸਮਾਜ ਵਿੱਚ ਬਹੁਤ ਸਾਰੀਆਂ ਸਮਾਜਿਕ ਬੁਰਾਈਆਂ ਪ੍ਰਚਲਿਤ ਸਨ । **(ਸਹੀ)**

15. ਪੱਛਮੀ ਸਿੱਖਿਆ ਅਤੇ ਸਾਹਿਤ ਦੇ ਨਾਲ-ਨਾਲ ਪੱਛਮੀ ਵਿਚਾਰਾਂ ਨੇ ਵੀ ਭਾਰਤੀਆਂ ਨੂੰ ਜਾਗ੍ਰਿਤ ਕੀਤਾ ।**(ਸਹੀ)**

16. 18 ਵੀਂ ਸਦੀ ਵਿੱਚ ਭਾਰਤ ਵਿੱਚ ਮੁਗ਼ਲਾਂ ਦਾ ਸਾਮਰਾਜ ਬਹੁਤ ਸ਼ਕਤੀਸ਼ਾਲੀ ਸੀ । (**ਗਲਤ**)

17. ਆਦਿਵਾਸੀ ਕਬੀਲਿਆਂ ਵਿੱਚੋਂ ਗੌਂਡ ਕਬੀਲੇ ਦੀ ਗਿਣਤੀ ਸਭ ਤੋਂ ਘੱਟ ਹੈ । **(ਗਲਤ)**

18. ਕਬਾਇਲੀ ਸਮਾਜ ਦੇ ਲੋਕਾਂ ਦੀ ਸਭ ਤੋਂ ਮੁੱਢਲੀ ਸਮਾਜਿਕ ਇਕਾਈ ਪਰਿਵਾਰ ਹੈ ।**(ਸਹੀ)**

19. ਬਰਤਾਨਵੀ ਸ਼ਾਸਕਾਂ ਨੇ ਅਫੀਮ ਅਤੇ ਨੀਲ ਦੀ ਖੇਤੀ ਕਰਨ ਲਈ ਕਬਾਇਲੀ ਖੇਤਰਾਂ ਦੀ ਜ਼ਮੀਨ ਉੱਤੇ ਕਬਜ਼ਾ ਕਰ ਲਿਆ । **(ਸਹੀ)**

20. ਬਿਰਸਾ ਮੁੰਡਾ ਨੇ ਕਿਸਾਨਾਂ ਨੂੰ ਕਿਹਾ ਕਿ ਉਹ ਜ਼ਿੰਮੀਂਦਾਰਾਂ ਨੂੰ ਟੈਕਸ ਦੇ ਦੇਣ । **(ਗਲਤ)**

21. ਭਾਰਤੀ ਸ਼ਹਿਰਾਂ ਅਤੇ ਪਿੰਡਾਂ ਦੇ ਛੋਟੇ ਉਦਯੋਗਾਂ ਦੇ ਪਤਨ ਨਾਲ ਕਾਰੀਗਰ ਬੇਕਾਰ ਹੋ ਗਏ। **(ਸਹੀ)**

22. ਇੰਗਲੈਂਡ ਵਿੱਚ ਉਦਯੋਗਿਕ ਕ੍ਰਾਂਤੀ 19ਵੀਂ ਸਦੀ ਵਿੱਚ ਆਈ।**(ਗਲਤ)**

23. ਮਸ਼ੀਨਾਂ ਦੁਆਰਾ ਤਿਆਰ ਕੀਤੀਆਂ ਵਸਤਾਂ ਦੀ ਕੀਮਤ ਵੱਧ ਹੁੰਦੀ ਸੀ। **(ਗਲਤ)**

24. 18ਵੀਂ ਸਦੀ ਵਿੱਚ ਭਾਰਤ ਦਾ ਕੱਚਾ ਮਾਲ ਇੰਗਲੈਂਡ ਜਾਣ ਲੱਗਾ। **(ਸਹੀ)**

25. ਪ੍ਰਿੰਸ ਆਫ਼ ਵੇਲਜ਼ ਮਿਊਜ਼ੀਅਮ ਨੂੰ ਅੱਜਕਲ੍ਹ 'ਛਤਰਪਤੀ ਸ਼ਿਵਾਜੀ ਮਹਾਰਾਜ ਵਸਤੂ ਸੰਗ੍ਰਿਹਾਲਯ' ਵੀ ਕਿਹਾ ਜਾਂਦਾ ਹੈ। **(ਸਹੀ)**

26. ਮੈਰੀਨਾ ਬੀਚ (ਸਮੁੰਦਰੀ ਕਿਨਾਰਾ) 10 ਕਿਲੋਮੀਟਰ ਲੰਬਾ ਹੈ। **(ਗਲਤ)**

27. ਵਾਰ ਮੈਮੋਰੀਅਲ ਸੰਸਾਰ ਦੀ ਪਹਿਲੀ ਜੰਗ ਵਿੱਚ ਸ਼ਹੀਦ ਹੋਏ ਸੈਨਿਕਾਂ ਦੀ ਯਾਦ ਵਿੱਚ ਬਣਾਈ ਗਈ।**(ਸਹੀ)**

28.ਅੱਜਕਲ੍ਹ ਫੋਰਟ ਸੇਂਟ ਜਾਰਜ ਇਮਾਰਤ ਵਿੱਚ ਤਾਮਿਲਨਾਡੂ ਰਾਜ ਦੀ ਵਿਧਾਨ ਸਭਾ ਅਤੇ ਸਕੱਤਰੇਤ ਦੇ ਦਫ਼ਤਰ ਹਨ।**(ਸਹੀ)**

29. ਨਾ-ਮਿਲਵਰਤਨ ਅੰਦੋਲਨ ਅਧੀਨ ਮਹਾਤਮਾ ਗਾਂਧੀ ਜੀ ਨੇ ਆਪਣੀ ਕੇਸਰ-ਏ-ਹਿੰਦ ਉਪਾਧੀ ਸਰਕਾਰ ਨੂੰ ਵਾਪਿਸ ਕਰ ਦਿੱਤੀ। **(ਸਹੀ)**

30. ਸਵਰਾਜ ਪਾਰਟੀ ਦੀ ਸਥਾਪਨਾ ਮਹਾਤਮਾ ਗਾਂਧੀ ਜੀ ਨੇ ਕੀਤੀ ਸੀ।**(ਗਲਤ)**

31. ਨੌਜਵਾਨ ਭਾਰਤ ਸਭਾ ਦੀ ਸਥਾਪਨਾ 1926 ਈ. ਵਿੱਚ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਕੀਤੀ ਸੀ।**(ਸਹੀ)**

32. 5 ਅਪ੍ਰੈਲ 1930 ਈ. ਨੂੰ ਮਹਾਤਮਾ ਗਾਂਧੀ ਜੀ ਨੇ ਡਾਂਡੀ ਪਿੰਡ ਵਿੱਚ ਸਮੁੰਦਰ ਦੇ ਪਾਣੀ ਤੋਂ ਨਮਕ ਤਿਆਰ ਕਰਕੇ ਨਮਕ ਕਾਨੂੰਨ ਦੀ ਉਲੰਘਣਾ ਕੀਤੀ।**(ਸਹੀ)**

33. ਡਾਂਡੀ ਨਾਮਕ ਸਥਾਨ ਤੇ ਗਾਂਧੀ ਜੀ ਨੇ 'ਨਮਕ ਕਾਨੂੰਨ' ਤੋੜਿਆ। **(ਸਹੀ)**

34. ਨਿਆਂਪਾਲਿਕਾ ਸੰਵਿਧਾਨ ਦੀ ਰੱਖਿਆ ਨਹੀਂ ਕਰਦੀ ਹੈ। **(ਗਲਤ)**

35. ਭਾਰਤ ਵਿੱਚ ਕਾਨੂੰਨ ਦਾ ਸ਼ਾਸਨ ਚੱਲਦਾ ਹੈ।**(ਸਹੀ)**

36. ਬੁਰੇ ਕਾਨੂੰਨਾਂ ਦੀ ਉਲੰਘਣਾ ਕਰਨੀ ਲੋਕਤੰਤਰੀ ਸਰਕਾਰ ਦੀ ਵਿਸ਼ੇਸ਼ਤਾ ਹੈ । **(ਸਹੀ)**

37. ਲੋਕ ਸਭਾ ਇੱਕ ਸਥਾਈ ਸਦਨ ਹੈ ।**(ਗਲਤ)**

38. ਰਾਜ ਸਭਾ ਦੇ ਮੈਂਬਰ ਹਰ ਦੋ ਸਾਲ ਬਾਅਦ ਰਿਟਾਇਰ ਹੁੰਦੇ ਹਨ ।**(ਸਹੀ)**

39. ਸੰਸਦੀ ਸਰਕਾਰ ਵਿੱਚ ਕਾਰਜਪਾਲਿਕਾ ਅਤੇ ਵਿਧਾਨ ਪਾਲਿਕਾ ਵਿਚਕਾਰ ਗੂੜ੍ਹਾ ਸੰਬੰਧ ਹੁੰਦਾ ਹੈ ।**(ਸਹੀ)**

40. ਸੰਸਦੀ ਸਰਕਾਰ 'ਚ ਪ੍ਰਧਾਨ ਮੰਤਰੀ ਨਾਂ-ਮਾਤਰ ਕਾਰਜਸਾਧਕ ਮੁਖੀ ਹੈ ।**(ਗਲਤ)**

41. ਸੰਸਦ ਦੁਆਰਾ ਬਣਾਏ ਕਾਨੂੰਨ ਸਰਵ-ਉੱਚ ਹੁੰਦੇ ਹਨ । **(ਸਹੀ)**

42. ਨਿਆਂਪਾਲਿਕਾ ਨੂੰ ਸੰਵਿਧਾਨ ਦੀ ਰੱਖਿਅਕ ਕਿਹਾ ਜਾਂਦਾ ਹੈ ।**(ਸਹੀ)**

43. ਭਾਰਤ ਵਿੱਚ ਦੋਹਰੀ ਨਿਆਂਇਕ ਪ੍ਰਣਾਲੀ ਲਾਗੂ ਹੈ। **(ਗਲਤ)**

44. ਜ਼ਿਲ੍ਹਾ ਅਦਾਲਤਾਂ ਦੇ ਫ਼ੈਸਲਿਆਂ ਵਿਰੁੱਧ ਉੱਚ ਅਦਾਲਤਾਂ 'ਚ ਅਪੀਲ ਨਹੀਂ ਹੋ ਸਕਦੀ। **(ਗਲਤ)**

45. ਜੱਜਾਂ ਦੀ ਨਿਯੁਕਤੀ ਪ੍ਰਧਾਨ ਮੰਤਰੀ ਦੁਆਰਾ ਕੀਤੀ ਜਾਂਦੀ ਹੈ। **(ਗਲਤ)**

46.ਜ਼ਮੀਨ ਜਾਇਦਾਦ ਨਾਲ ਸੰਬੰਧਿਤ ਝਗੜਾ ਫੌਜਦਾਰੀ ਝਗੜਾ ਹੈ। **(ਗਲਤ)**

## ਇੱਕ ਅੰਕ ਵਾਲੇ ਪ੍ਰਸ਼ਨ

**1. ਸਾਧਨਾਂ ਤੋਂ ਤੁਹਾਡਾ ਕੀ ਭਾਵ ਹੈ?**

ਉੱਤਰ:- ਅਜਿਹੇ ਕੁਦਰਤੀ ਜਾਂ ਮਨੁੱਖ ਦੁਆਰਾ ਬਣਾਏ ਗਏ ਅਰਥਵਾਨ ਪਦਾਰਥ ਜਿਹੜੇ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਕਰਦੇ ਹਨ, ਸਾਧਨ ਅਖਵਾਉਂਦੇ ਹਨ।

**2. ਕੁਦਰਤੀ ਸਾਧਨ ਕਿਹੜੇ ਹਨ ਅਤੇ ਇਹ ਸਾਨੂੰ ਕੌਣ ਪ੍ਰਦਾਨ ਕਰਦਾ ਹੈ?**

ਉੱਤਰ- ਕੁਦਰਤੀ ਸਾਧਨ ਕੁਦਰਤ ਦੁਆਰਾ ਮਨੁੱਖ ਨੂੰ ਪ੍ਰਦਾਨ ਕੀਤੇ ਗਏ ਹਨ। ਜਿਵੇਂ ਕਿ ਜੰਗਲ, ਦਰਿਆ, ਖਣਿਜ ਪਦਾਰਥ, ਸੂਰਜੀ ਸ਼ਕਤੀ ਅਤੇ ਸਮੁੰਦਰ ਆਦਿ।

**3. ਸਾਧਨਾਂ ਦੀਆਂ ਕਿਸਮਾਂ ਦੀ ਸੂਚੀ ਬਣਾਓ।**

ਉੱਤਰ- ਸਾਧਨਾਂ ਦੀਆਂ ਕਿਸਮਾਂ :- 1. ਜੀਵ ਅਤੇ ਨਿਰਜੀਵ ਸਾਧਨ 2. ਵਿਕਸਤ ਅਤੇ ਸੰਭਾਵਿਤ ਸਾਧਨ 3: ਮੁੱਕਣਯੋਗ ਅਤੇ ਨਾ - ਮੁੱਕਣਯੋਗ ਸਾਧਨ 4. ਮਿੱਟੀ ਅਤੇ ਭੂਮੀ ਸਾਧਨ 5. ਸਮੁੰਦਰੀ ਅਤੇ ਖਣਿਜ ਸਾਧਨ 6. ਮਨੁੱਖੀ ਸਾਧਨ

**4. ਮਿੱਟੀ ਦੀ ਪਰਿਭਾਸ਼ਾ ਲਿਖੋ ।**

ਉੱਤਰ- ਮਿੱਟੀ ਧਰਤੀ ਦੀ ਸਭ ਤੋਂ ਉੱਪਰਲੀ ਛੋਟੀ ਜਿਹੀ ਪਰਤ ਹੈ ਜਿਹੜੀ ਮੂਲ ਚੱਟਾਨਾਂ ਦੇ ਟੁੱਟਣ ਭੱਜਣ, ਜੀਵਾਂ ਅਤੇ ਰੁੱਖ ਬੂਟਿਆਂ ਦੇ ਗਲਣ-ਸੜਨ ਕਾਰਨ ਬਣਦੀ ਹੈ ।

**5. ਸਮੁੰਦਰਾਂ ਤੋਂ ਸਾਨੂੰ ਕੀ-ਕੀ ਪ੍ਰਾਪਤ ਹੁੰਦਾ ਹੈ?**

ਉੱਤਰ- ਸਮੁੰਦਰ ਸਾਨੂੰ ਬਹੁਤ ਵੱਡੀ ਮਾਤਰਾ ਵਿੱਚ ਮੱਛੀਆਂ, ਮੋਤੀ, ਘੋਗੇ, ਸਿੱਪੀਆਂ ਅਤੇ ਹੀਰੇ ਜਵਾਹਰਾਤ ਆਦਿ ਦਿੰਦੇ ਹਨ। ਕਈ ਥਾਵਾਂ 'ਤੇ ਸਮੁੰਦਰੀ ਤੱਟਾਂ ਤੋਂ ਪੈਟਰੋਲੀਅਮ ਪਦਾਰਥ ਵੀ ਪ੍ਰਾਪਤ ਹੁੰਦੇ ਹਨ।

**6. ਖਣਿਜ ਪਦਾਰਥਾਂ ਦੀ ਪਰਿਭਾਸਾ ਲਿਖੋ।**

ਉੱਤਰ: ਖਣਿਜ ਪਦਾਰਥ ਉਹ ਕੁਦਰਤੀ ਪਦਾਰਥ ਹਨ ਜਿਹੜੇ ਇੱਕ ਜਾਂ ਜ਼ਿਆਦਾ ਤੱਤਾਂ ਤੋਂ ਬਣੇ ਹੁੰਦੇ ਹਨ ਅਤੇ ਧਰਤੀ ਵਿੱਚੋਂ ਨਿਕਲਦੇ ਹਨ।

**7. ਭਾਰਤ ਵਿੱਚ ਕੱਚਾ ਲੋਹਾ ਕਿੱਥੇ-ਕਿੱਥੇ ਮਿਲਦਾ ਹੈ?**

ਉੱਤਰ: ਭਾਰਤ ਵਿੱਚ ਕੱਚਾ ਲੋਹਾ ਬਿਹਾਰ, ਓੜੀਸ਼ਾ, ਮੱਧ ਪ੍ਰਦੇਸ਼, ਗੋਆ, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਝਾਰਖੰਡ ਅਤੇ ਤਾਮਿਲਨਾਡੂ ਆਦਿ ਵਿੱਚ ਮਿਲਦਾ ਹੈ।

**8. ਤਾਂਬੇ ਦੀ ਵਰਤੋਂ ਕਿੱਥੇ ਕਿੱਥੇ ਕੀਤੀ-ਜਾਂਦੀ ਹੈ?**

ਉੱਤਰ: ਤਾਂਬੇ ਦੀ ਵਰਤੋਂ ਭਾਂਡੇ, ਸਿੱਕੇ, ਬਿਜਲੀ ਦੀਆਂ ਤਾਰਾਂ ਅਤੇ ਹੋਰ ਬਿਜਲੀ ਉਪਕਰਣ ਬਣਾਉਣ ਵਿੱਚ ਕੀਤੀ ਜਾਂਦੀ ਹੈ।

**9. ਖੇਤੀਬਾੜੀ ਨੂੰ ਕਿਹੜੇ-ਕਿਹੜੇ ਤੱਤ ਪ੍ਰਭਾਵਿਤ ਕਰਦੇ ਹਨ?**

ਉੱਤਰ- ਜਲਵਾਯੂ, ਧਰਾਤਲ, ਮਿੱਟੀ ਦੀ ਕਿਸਮ, ਸਿੰਚਾਈ ਸਹੂਲਤਾਂ, ਖੇਤੀ ਕਰਨ ਦੇ ਢੰਗ, ਮੰਡੀ ਦੀ ਸਹੂਲਤ, ਆਵਾਜਾਈ ਦੇ ਸਾਧਨ ਅਤੇ ਬੈਂਕ ਆਦਿ।

**10. ਅਨਾਜ ਫ਼ਸਲਾਂ ਦੇ ਨਾਮ ਲਿਖੋ।**

ਉੱਤਰ- ਅਨਾਜ ਫ਼ਸਲਾਂ ਵਿੱਚ ਚਾਵਲ, ਕਣਕ, ਮੱਕੀ, ਜਵਾਰ, ਬਾਜਰਾ, ਦਾਲਾਂ ਅਤੇ ਤੇਲਾਂ ਵਾਲੇ ਬੀਜ ਆਦਿ।

**11. ਕੱਦੂ ਕਰਨਾ ਕਿਸ ਨੂੰ ਆਖਦੇ ਹਨ?**

ਉੱਤਰ- ਜਿਸ ਖੇਤ ਵਿੱਚ ਚਾਵਲ ਲਗਾਉਣੇ ਹੋਣ, ਉਸ ਨੂੰ ਵਾਹ ਕੇ, ਪਾਣੀ ਲਗਾ ਕੇ, ਸੁਹਾਗਾ ਆਦਿ ਮਾਰ ਕੇ ਤਿਆਰ ਕੀਤਾ ਜਾਂਦਾ ਹੈ। ਇਸ ਸਾਰੇ ਕੰਮ ਨੂੰ ਕੱਦੂ ਕਰਨਾ ਆਖਦੇ ਹਨ।

**12. ਮੱਕੀ ਤੋਂ ਕੀ-ਕੀ ਤਿਆਰ ਕੀਤਾ ਜਾਂਦਾ ਹੈ?**

ਉੱਤਰ- ਮੱਕੀ ਤੋਂ ਗੁਲੂਕੋਜ਼, ਸਟਾਰਚ, ਅਲਕੋਹਲ ਅਤੇ ਬਨਸਪਤੀ ਤੇਲ ਤਿਆਰ ਕੀਤਾ ਜਾਂਦਾ ਹੈ।

**13. ਰੇਸ਼ੇ ਦੀ ਲੰਬਾਈ ਦੇ ਆਧਾਰ 'ਤੇ ਕਪਾਹ ਕਿਹੜੀਆਂ-ਕਿਹੜੀਆਂ ਕਿਸਮਾਂ ਦੀ ਹੋ ਸਕਦੀ ਹੈ?**

ਉੱਤਰ- ਕਪਾਹ ਨੂੰ ਰੇਸ਼ੇ ਦੇ ਆਧਾਰ ਤੇ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ-

1.ਲੰਬੇ ਰੇਸ਼ੇ ਵਾਲੀ 2. ਮੱਧ ਦਰਜੇ ਦੇ ਰੇਸ਼ੇ ਵਾਲੀ 3. ਛੋਟੇ ਰੇਸ਼ੇ ਵਾਲੀ

**14.ਪਟਸਨ ਤੋਂ ਕਿਹੜੀਆਂ-ਕਿਹੜੀਆਂ ਚੀਜ਼ਾਂ ਬਣਾਈਆਂ ਜਾ ਸਕਦੀਆਂ ਹਨ?**

ਉੱਤਰ- ਪਟਸਨ ਦੀ ਵਰਤੋਂ ਰੱਸੇ, ਬੋਰੀਆਂ ਅਤੇ ਟਾਟ ਆਦਿ ਬਣਾਉਣ ਲਈ ਕੀਤੀ ਜਾਂਦੀ ਹੈ।

**15. ਚਾਹ ਦਾ ਪੌਦਾ ਕਿਸ ਤਰ੍ਹਾਂ ਦਾ ਹੁੰਦਾ ਹੈ?**

ਉੱਤਰ- ਚਾਹ ਦਾ ਪੌਦਾ ਇੱਕ ਝਾੜੀ ਵਰਗਾ ਹੁੰਦਾ ਹੈ। ਇਸ ਪੌਦੇ ਦੇ ਪੱਤਿਆਂ ਤੋਂ ਚਾਹ ਪ੍ਰਾਪਤ ਕੀਤੀ ਜਾਂਦੀ ਹੈ।

**16. ਕੌਫੀ ਦੀਆਂ ਤਿੰਨ ਕਿਸਮਾਂ ਦੇ ਨਾਂ ਲਿਖੋ।**

ਉੱਤਰ- ਅਰੈਬਿਕ, ਰੌਬਸਟਾ, ਲਾਇਬੈਰਿਕਾ

**17. ਕਿਸੇ ਵਪਾਰੀ ਵੱਲੋਂ ਆਪਣੇ ਰੋਜ਼ਾਨਾ ਕੰਮ-ਕਾਰ ਸੰਬੰਧੀ ਖੋਲ੍ਹੇ ਗਏ ਖਾਤੇ ਨੂੰ ਕੀ ਆਖਦੇ ਹਨ?**

ਉੱਤਰ:- ਚਲੰਤ ਖਾਤਾ

**18. ਬੈਂਕਾਂ ਵਿੱਚ ਸਭ ਤੋਂ ਵੱਧ ਲੋਕਪ੍ਰਿਅ ਖਾਤੇ ਕਿਹੜੀ ਕਿਸਮ ਦੇ ਖੋਲ੍ਹੇ ਗਏ ਹਨ?**

ਉੱਤਰ:- ਬੱਚਤ ਖਾਤਾ

**19. ਚਲੰਤ ਖਾਤੇ ਨਾਲੋਂ ਬੱਚਤ ਖਾਤਾ ਕਿਹੜੇ ਪੱਖੋਂ ਵੱਧ ਲਾਹੇਵੰਦ ਹੁੰਦਾ ਹੈ?**

ਉੱਤਰ:- ਚਲੰਤ ਖਾਤੇ ਵਿੱਚ ਜਮ੍ਹਾਂ ਰਾਸ਼ੀ ਉੱਤੇ ਬੈਂਕ ਵਿਆਜ ਨਹੀਂ ਦਿੰਦਾ ਪਰ ਬੱਚਤ ਖਾਤੇ ਵਿਚ ਬੈਂਕ ਵਿਆਜ ਅਦਾ ਕਰਦਾ ਹੈ।

**20. RTGS ਰਾਹੀਂ ਘੱਟੋ-ਘੱਟ ਕਿੰਨੀ ਰਕਮ ਅਦਾ ਕੀਤੀ ਜਾ ਸਕਦੀ ਹੈ?**

ਉੱਤਰ:- ਘੱਟੋ-ਘੱਟ ਦੋ ਲੱਖ

**21. NEFT ਰਾਹੀਂ ਲੈਣ-ਦੇਣ ਕਰਨ ਸਮੇਂ ਰਕਮ ਦੀ ਘੱਟੋ-ਘੱਟ ਜਾਂ ਵੱਧ ਤੋਂ ਵੱਧ ਸੀਮਾ ਕੀ ਹੈ?**

ਉੱਤਰ:- NEFT ਰਾਹੀਂ ਲੈਣ-ਦੇਣ ਕਰਨ ਸਮੇਂ ਰਕਮ ਦੀ ਕੋਈ ਘੱਟੋ-ਘੱਟ ਜਾਂ ਵੱਧ ਤੋਂ ਵੱਧ ਸੀਮਾ ਨਹੀਂ ਹੈ।

**22. ਇੰਟਰਨੈੱਟ ਬੈਂਕਿੰਗ ਦੇ ਹੋਰ ਨਾਮ ਕਿਹੜੇ ਹਨ?**

ਉੱਤਰ:- ਇੰਟਰਨੈੱਟ ਬੈਂਕਿੰਗ ਨੂੰ ਈ-ਬੈਂਕਿੰਗ, ਵੈੱਬ ਬੈਂਕਿੰਗ, ਵਰਚੂਅਲ ਬੈਂਕਿੰਗ ਆਦਿ ਹੋਰ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ।

**23.ਕੋਈ ਨਬਾਲਗ ਆਪਣੇ ਪੱਧਰ ਤੇ ਕਿਹੜੀ ਉਮਰ ਮਗਰੋਂ ਕਿਹੜਾ ਖਾਤਾ ਖੁੱਲ੍ਹਵਾ ਸਕਦਾ ਹੈ?**

ਉੱਤਰ- ਭਾਰਤੀ ਰਿਜ਼ਰਵ ਬੈਂਕ ਦੇ ਨਿਯਮਾਂ ਅਨੁਸਾਰ ਘੱਟੋ-ਘੱਟ ਦਸ ਸਾਲ ਦੀ ਉਮਰ ਤੋਂ ਉੱਪਰ ਦੇ ਨਾਬਾਲਗ ਬੱਚਤ ਖਾਤਾ ਬੈਂਕਾਂ ਵਿੱਚ ਖਾਤਾ ਖੁੱਲ੍ਹਵਾ ਸਕਦੇ ਹਨ।

**24. ਆਫ਼ਤ ਕਿਸਨੂੰ ਕਿਹਾ ਜਾਂਦਾ ਹੈ?**

ਉੱਤਰ- ਖਤਰੇ ਜਦੋਂ ਘਾਤਕ ਘਟਨਾਵਾਂ ਦਾ ਰੂਪ ਧਾਰਨ ਕਰ ਲੈਂਦੇ ਹਨ ਤਾਂ ਉਹਨਾਂ ਨੂੰ ਆਫ਼ਤਾਂ ਕਿਹਾ ਜਾਂਦਾ ਹੈ ।

**25. ਕੁਦਰਤੀ ਆਫ਼ਤਾਂ ਮੁੱਖ ਤੌਰ ਤੇ ਕਿਹੜੀਆਂ-ਕਿਹੜੀਆਂ ਹਨ?**

ਉੱਤਰ- 1. ਭੂਚਾਲ 2. ਜਵਾਲਾਮੁਖੀ ਕਿਰਿਆ 3. ਸੁਨਾਮੀ 4. ਹੜ੍ਹ 5. ਚੱਕਰਵਾਤ 6. ਭੂਮੀ ਦਾ ਖਿਸਕਣਾ

7. ਬਰਫ ਦੇ ਤੋਦਿਆਂ ਦਾ ਖਿਸਕਣਾ 8. ਸੋਕਾ

**26. ਭੂਚਾਲ ਤੋਂ ਤੁਹਾਡਾ ਕੀ ਭਾਵ ਹੈ ?**

ਉੱਤਰ- ਧਰਤੀ ਦੇ ਹਿੱਲਣ ਨੂੰ ਅਸੀਂ ਭੂਚਾਲ ਦਾ ਨਾਂ ਦਿੰਦੇ ਹਾਂ ।

**27. ਸੁਨਾਮੀ ਕਿਵੇਂ ਪੈਦਾ ਹੁੰਦੀ ਹੈ?**

ਉੱਤਰ- ਸੁਨਾਮੀ ਇੱਕ ਤਰ੍ਹਾਂ ਦੀ ਸਮੁੰਦਰੀ ਲਹਿਰ ਹੈ ਜੋ ਕਿ ਸਮੁੰਦਰ ਦੇ ਤਲ ਤੇ ਭੂਚਾਲ, ਜਵਾਲਾਮੁਖੀ ਅਤੇ ਧਰਤੀ ਦੇ ਖਿਸਕਣ ਆਦਿ ਤੋਂ ਪੈਦਾ ਹੁੰਦੀ ਹੈ।

**28. ਕਬਾਇਲੀ ਸਮਾਜ ਦੇ ਲੋਕ ਵੱਧ ਗਿਣਤੀ ਵਿੱਚ ਕਿਹੜੇ ਰਾਜਾਂ ਵਿੱਚ ਰਹਿੰਦੇ ਹਨ?**

ਉੱਤਰ-ਕਬਾਇਲੀ ਸਮਾਜ ਦਾ ਸਭ ਤੋਂ ਵੱਡਾ ਹਿੱਸਾ ਕਈ ਰਾਜਾਂ ਜਿਵੇਂ ਕਿ ਰਾਜਸਥਾਨ, ਗੁਜਰਾਤ, ਬਿਹਾਰ, ਓੜੀਸ਼ਾ ਅਤੇ ਮੱਧ ਪ੍ਰਦੇਸ਼ ਵਿੱਚ ਰਹਿੰਦਾ ਸੀ।

**29. ਕਬਾਇਲੀ ਸਮਾਜ ਦੇ ਲੋਕਾਂ ਦੇ ਮੁੱਖ ਧੰਦੇ ਕਿਹੜੇ ਹਨ?**

ਉੱਤਰ- ਕਬਾਇਲੀ ਸਮਾਜ ਦੇ ਲੋਕਾਂ ਦੇ ਮੁੱਖ ਧੰਦੇ ਭੇਡਾਂ, ਬੱਕਰੀਆਂ ਆਦਿ ਪਾਲਤੂ ਪਸ਼ੂ ਪਾਲਣਾ, ਸ਼ਿਕਾਰ ਕਰਨਾ, ਭੋਜਨ ਇਕੱਠਾ ਕਰਨਾ, ਮੱਛੀਆਂ ਫੜ੍ਹਨਾ ਅਤੇ ਬਲਦਾਂ ਰਾਹੀਂ ਹੱਲ ਵਾਹੁਣਾ ਆਦਿ ਸਨ।

**30. ਕਬਾਇਲੀ ਸਮਾਜ ਦੇ ਲੋਕਾਂ ਨੇ ਕਿਹੜੇ-ਕਿਹੜੇ ਰਾਜਾਂ ਵਿੱਚ ਅੰਗਰੇਜ਼ਾਂ ਵਿਰੁੱਧ ਵਿਦਰੋਹ ਕੀਤੇ?**

ਉੱਤਰ- ਕਬਾਇਲੀ ਸਮਾਜ ਦੇ ਲੋਕਾਂ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਅੰਗਰੇਜ਼ਾਂ ਸਰਕਾਰ ਵਿਰੁੱਧ ਵਿਦਰੋਹ ਕੀਤੇ। ਮੱਧ ਪ੍ਰਦੇਸ਼ ਵਿੱਚ ਭੀਲ ਲੋਕਾਂ ਨੇ, ਬਿਹਾਰ ਵਿੱਚ ਮੁੰਡਾ ਲੋਕਾਂ ਨੇ, ਉੜੀਸਾ ਵਿੱਚ ਗੌਂਡ ਲੋਕਾਂ ਨੇ ਅਤੇ ਮੇਘਾਲਿਆ ਵਿੱਚ ਖਾਸੀ ਲੋਕਾਂ ਨੇ ਅਤੇ ਬੰਗਾਲ ਬਿਹਾਰ ਵਿੱਚ ਸੰਥਾਲ ਲੋਕਾਂ ਨੇ।

**31. ਖਾਸੀ ਕਬੀਲੇ ਦਾ ਮੋਢੀ ਕੌਣ ਸੀ?**

ਉੱਤਰ- ਤੀਰੁਤ ਸਿੰਘ ਖਾਸੀ ਕਬੀਲੇ ਦਾ ਮੋਢੀ ਸੀ ।

**32. ਛੋਟੇ ਨਾਗਪੁਰ ਇਲਾਕੇ ਵਿੱਚ ਅੰਗਰੇਜ਼ਾਂ ਵਿਰੁੱਧ ਸਭ ਤੋਂ ਪਹਿਲਾਂ ਕਿਸ ਕਬੀਲੇ ਨੇ ਅਤੇ ਕਦੋਂ ਵਿਦਰੋਹ ਕੀਤਾ?**

ਉੱਤਰ- ਛੋਟੇ ਨਾਗਪੁਰ ਇਲਾਕੇ ਵਿੱਚ ਅੰਗਰੇਜ਼ਾਂ ਵਿਰੁੱਧ ਸਭ ਤੋਂ ਪਹਿਲਾਂ ਵਿਦਰੋਹ ਕੋਲ ਕਬੀਲੇ ਨੇ 1820 ਈ. ਵਿੱਚ ਕੀਤਾ।

**33. ਸਤੀ-ਪ੍ਰਥਾ ਨੂੰ ਕਦੋਂ, ਕਿਸ ਨੇ ਅਤੇ ਕਿਸ ਦੇ ਯਤਨਾਂ ਸਦਕਾ ਗ਼ੈਰ-ਕਾਨੂੰਨੀ ਘੋਸ਼ਿਤ ਕੀਤਾ ਗਿਆ?**

ਉੱਤਰ- ਰਾਜਾ ਰਾਮ ਮੋਹਨ ਰਾਏ ਦੇ ਯਤਨਾਂ ਸਦਕਾ ਲਾਰਡ ਵਿਲੀਅਮ ਬੈਂਟਿੰਕ ਨੇ 1829 ਈ. ਵਿੱਚ ਸਤੀ ਪ੍ਰਥਾ ਨੂੰ 'ਗ਼ੈਰ-ਕਾਨੂੰਨੀ' ਘੋਸ਼ਿਤ ਕਰ ਦਿੱਤਾ।

**34. ਕਿਸ ਸਾਲ ਵਿੱਚ ਵਿਧਵਾ-ਵਿਆਹ ਕਰਾਉਣ ਦੀ ਕਾਨੂੰਨੀ ਤੌਰ 'ਤੇ ਆਗਿਆ ਦਿੱਤੀ ਗਈ?**

ਉੱਤਰ- 1856 ਈ. ਵਿੱਚ ਵਿਧਵਾ-ਵਿਆਹ ਕਰਵਾਉਣ ਦੀ ਕਾਨੂੰਨੀ ਤੌਰ 'ਤੇ ਆਗਿਆ ਦਿੱਤੀ ਗਈ।

**35. ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਸਥਾਪਨਾ ਕਦੋਂ ਅਤੇ ਕਿਸ ਨੇ ਕੀਤੀ?**

ਉੱਤਰ-ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਸਥਾਪਨਾ 1920 ਈ. ਵਿੱਚ ਸਰ ਸੱਯਦ ਅਹਿਮਦ ਖਾਂ ਨੇ ਕੀਤੀ।

**36. ਨਾਮਧਾਰੀ ਅੰਦੋਲਨ ਦੀ ਸਥਾਪਨਾ ਕਦੋਂ, ਕਿੱਥੇ ਅਤੇ ਕਿਸ ਦੁਆਰਾ ਕੀਤੀ ਗਈ?**

ਉੱਤਰ- 12 ਅਪ੍ਰੈਲ 1857 ਈ. ਨੂੰ ਭੈਣੀ ਸਾਹਿਬ (ਲੁਧਿਆਣਾ) ਵਿਖੇ ਨਾਮਧਾਰੀ ਲਹਿਰ ਦੀ ਸਥਾਪਨਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੀ।

**37. ਸਿੰਘ ਸਭਾ ਨੇ ਇਸਤਰੀ-ਸਿੱਖਿਆ ਲਈ ਕਿੱਥੇ-ਕਿੱਥੇ ਵਿੱਦਿਅਕ ਸੰਸਥਾਵਾਂ ਸਥਾਪਿਤ ਕੀਤੀਆਂ?**

ਉੱਤਰ- ਸਿੰਘ ਸਭਾ ਨੇ ਇਸਤਰੀ-ਸਿੱਖਿਆ ਲਈ ਸਿੱਖ ਕੰਨਿਆ ਮਹਾਂਵਿਦਿਆਲਾ- ਫਿਰੋਜ਼ਪੁਰ, ਖਾਲਸਾ ਭੁਜ਼ੰਗ ਸਕੂਲ-ਕੈਰੋ ਤਰਨਤਾਰਨ ਅਤੇ ਵਿੱਦਿਆ ਭੰਡਾਰ-ਭਸੌੜ ਸੰਗਰੂਰ ਆਦਿ ਵਿੱਦਿਅਕ ਸੰਸਥਾਵਾਂ ਸਥਾਪਿਤ ਕੀਤੀਆਂ।

**38. ਬਸਤੀਵਾਦ ਤੋਂ ਕੀ ਭਾਵ ਹੈ?**

ਉੱਤਰ- ਬਸਤੀਵਾਦ ਦਾ ਭਾਵ- ਅਰਥ ਹੈ ਕਿਸੇ ਦੇਸ਼ ਉੱਤੇ ਦੂਜੇ ਦੇਸ਼ ਜਾਂ ਦੇਸ਼ਾਂ ਦੁਆਰਾ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਤੌਰ 'ਤੇ ਅਧਿਕਾਰ ਕਰਨਾ।

**39. ਭਾਰਤ ਵਿੱਚ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਹੋਣ ਨਾਲ ਕਿਹੜੇ ਨਵੇਂ ਕਸਬੇ ਹੋਂਦ ਵਿੱਚ ਆਏ?**

ਉੱਤਰ- ਬੰਬਈ, ਕਲਕੱਤਾ ਅਤੇ ਮਦਰਾਸ ਆਦਿ।

**40. ਮਦਰਾਸ ਸ਼ਹਿਰ ਵਿੱਚ ਵੇਖਣ ਯੋਗ ਅਸਥਾਨ ਕਿਹੜੇ ਹਨ?**

ਉੱਤਰ- ਗਿਰਜਾ-ਘਰ, ਭਵਨ, ਸਮਾਰਕ, ਸੁੰਦਰ ਮੰਦਰ, ਮਦਰਾਸ ਹਾਈ ਕੋਰਟ ਅਤੇ ਸਮੁੰਦਰੀ ਤੱਟ।

**41. ਬੰਬਈ (ਮੁੰਬਈ) ਸ਼ਹਿਰ ਵਿੱਚ ਵੇਖਣ ਯੋਗ ਸਥਾਨਾਂ ਦੇ ਨਾਂ ਲਿਖੋ?**

ਉੱਤਰ:- ਜੂਹੂ ਬੀਚ, ਚੌਪਾਟੀ, ਕੋਲਾਬਾ, ਮਾਲਾਬਾਰ ਹਿਲ, ਜਹਾਂਗੀਰੀ ਆਰਟ ਗੈਲਰੀ, ਅਜਾਇਬ ਘਰ, ਬੰਬਈ ਯੂਨੀਵਰਸਿਟੀ, ਮਹਾਂਲਕਸ਼ਮੀ ਮੰਦਰ, ਵਿਕਟੋਰੀਆ ਬਾਗ, ਕਮਲਾ ਨਹਿਰੂ ਪਾਰਕ ਆਦਿ।

**42. ਅੰਗਰੇਜ਼ਾਂ ਨੇ ਭਾਰਤ ਵਿੱਚ ਆਪਣੀ ਪਹਿਲੀ ਵਪਾਰਕ ਫ਼ੈਕਟਰੀ ਕਦੋਂ ਅਤੇ ਕਿੱਥੇ ਸਥਾਪਿਤ ਕੀਤੀ?**

ਉੱਤਰ- ਅੰਗਰੇਜ਼ਾਂ ਨੇ ਕਲਕੱਤਾ ਵਿੱਚ ਆਪਣੀ ਪਹਿਲੀ ਵਪਾਰਕ ਫੈਕਟਰੀ 1695 ਈ. ਵਿੱਚ ਸਥਾਪਿਤ ਕੀਤੀ।

**43. ਅੰਗਰੇਜ਼ੀ ਰਾਜ ਸਮੇਂ ਭਾਰਤ ਵਿੱਚ ਸਭ ਤੋਂ ਪਹਿਲਾਂ ਕਿਹੜੇ ਤਿੰਨ ਸ਼ਹਿਰਾਂ ਵਿੱਚ ਨਗਰਪਾਲਿਕਾਵਾਂ ਸਥਾਪਿਤ ਕੀਤੀਆਂ ਗਈਆਂ?**

ਉੱਤਰ- ਬੰਬਈ, ਕਲਕੱਤਾ ਅਤੇ ਮਦਰਾਸ।

**44. ਭਾਰਤ ਵਿੱਚ ਸਰਵਜਨਕ ਕਾਰਜ ਨਿਰਮਾਣ ਦੀ ਸਥਾਪਨਾ ਕਿਸ ਅੰਗਰੇਜ਼ ਅਫ਼ਸਰ ਨੇ ਕੀਤੀ ਸੀ?**

ਉੱਤਰ- ਲਾਰਡ ਡਲਹੌਜ਼ੀ ਨੇ।

**45. ਅੰਗਰੇਜ਼ੀ ਰਾਜ ਸਮੇਂ ਭਾਰਤ ਵਿੱਚ ਪੁਲਿਸ ਦਾ ਪ੍ਰਬੰਧ ਕਿਸ ਗਵਰਨਰ ਜਨਰਲ ਨੇ ਸ਼ੁਰੂ ਕੀਤਾ ਸੀ?**

ਉੱਤਰ- ਲਾਰਡ ਕਾਰਨਵਾਲਿਸ ਨੇ।

**46. ਭਾਰਤ ਵਿੱਚ ਪਹਿਲੀ ਰੇਲਵੇ ਲਾਈਨ ਕਿਸ ਦੁਆਰਾ, ਕਦੋਂ ਅਤੇ ਕਿੱਥੇ ਤੋਂ ਕਿੱਥੇ ਤੱਕ ਬਣਾਈ ਗਈ?**

ਉੱਤਰ- ਲਾਰਡ ਡਲਹੌਜ਼ੀ ਦੇ ਸਮੇਂ 1853 ਈ. ਵਿੱਚ ਪਹਿਲੀ ਰੇਲਵੇ ਲਾਈਨ ਬੰਬਈ ਤੋਂ ਥਾਨਾ ਸ਼ਹਿਰ ਤੱਕ ਬਣਵਾਈ ਗਈ।

**47. ਆਨੰਦ ਮੱਠ ਨਾਵਲ ਕਿਸ ਨੇ ਲਿਖਿਆ ਸੀ?**

ਉੱਤਰ- ਬੰਕਿਮ ਚੰਦਰ ਚੈਟਰਜ਼ੀ

**48. ਭਾਰਤ ਵਿੱਚ ਸਭ ਤੋਂ ਪਹਿਲਾ ਛਾਪਾਖਾਨਾ ਕਦੋਂ ਅਤੇ ਕਿਸ ਦੁਆਰਾ ਸ਼ੁਰੂ ਕੀਤਾ ਗਿਆ ਸੀ?**

ਉੱਤਰ- ਪੁਰਤਗਾਲੀਆਂ ਦੁਆਰਾ 1557 ਈ.

**49. ਬਾਲ ਗੰਗਾਧਰ ਤਿਲਕ ਨੇ ਕਿਹੜੇ ਦੋ ਅਖਬਾਰ ਛਾਪਣੇ ਸ਼ੁਰੂ ਕੀਤੇ ਸਨ?**

ਉੱਤਰ- ਬਾਲ ਗੰਗਾਧਰ ਤਿਲਕ ਨੇ ਮਰਾਠੀ ਭਾਸ਼ਾ ਵਿੱਚ 'ਕੇਸਰੀ' ਅਤੇ ਅੰਗਰੇਜ਼ੀ ਭਾਸ਼ਾ ਵਿੱਚ 'ਮਰਾਠਾ` ਨਾਂ ਦਾ ਅਖਬਾਰ ਛਾਪਣਾ ਸ਼ੁਰੂ ਕੀਤਾ।

**50. ਬੜੌਦਾ ਯੂਨੀਵਰਸਿਟੀ ਦੇ ਆਰਟ ਸਕੂਲ ਦੇ ਪ੍ਰਸਿੱਧ ਚਿੱਤਰਕਾਰਾਂ ਦੇ ਨਾਂ ਲਿਖੋ।**

ਉੱਤਰ- ਜੀ.ਆਰ. ਸੰਤੋਸ਼, ਗੁਲਾਮ ਸ਼ੇਖ ਅਤੇ ਸ਼ਾਂਤੀ ਦੇਵ ਆਦਿ ਬੜੌਦਾ ਯੂਨੀਵਰਸਿਟੀ ਦੇ ਆਰਟ ਸਕੂਲ ਦੇ ਪ੍ਰਸਿੱਧ ਚਿੱਤਰਕਾਰਾਂ ਸਨ।

**51. ਮਦਰਾਸ ਕਲਾ ਸਕੂਲ ਦੇ ਪ੍ਰਸਿੱਧ ਕਲਾਕਾਰ ਦੇ ਨਾਂ ਲਿਖੋ।**

ਉੱਤਰ- ਡੀ.ਆਰ.ਚੌਧਰੀ, ਕੇ.ਸੀ.ਐਸ.ਪਾਨੀਕਰ, ਸਤੀਸ਼ ਗੁਜ਼ਰਾਲ, ਰਾਮ ਕੁਮਾਰ ਅਤੇ ਕੇ.ਜੀ.ਸੁਬਰਾਮਨੀਅਮ ਮਦਰਾਸ ਕਲਾ ਸਕੂਲ ਦੇ ਪ੍ਰਸਿੱਧ ਕਲਾਕਾਰ ਸਨ।

**52. ਸੰਵਿਧਾਨ ਤੋਂ ਕੀ ਭਾਵ ਹੈ?**

ਉੱਤਰ- ਸੰਵਿਧਾਨ ਉਹ ਕਾਨੂੰਨੀ ਦਸਤਾਵੇਜ ਹੈ, ਜਿਸ ਅਨੁਸਾਰ ਦੇਸ਼ ਦਾ ਪ੍ਰਸ਼ਾਸਨ ਚਲਾਇਆ ਜਾਂਦਾ ਹੈ।

53. **ਕਾਨੂੰਨ ਦੇ ਸ਼ਬਦੀ ਅਰਥ ਲਿਖੋ।**

ਉੱਤਰ- ਕਾਨੂੰਨ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'LAW' ਦਾ ਪੰਜਾਬੀ ਅਨੁਵਾਦ ਹੈ। 'ਲਾਅ' ਸ਼ਬਦ ਦੀ ਉਤਪਤੀ ਟਿਊਟੋਨਿਕ (Tutonic) ਸ਼ਬਦ ਲੈਗ (Lag) ਤੋਂ ਹੋਈ ਹੈ ਜਿਸ ਦਾ ਅਰਥ ਹੈ ਨਿਸ਼ਚਿਤ ਇਸ ਲਈ ਕਾਨੂੰਨ ਸ਼ਬਦ ਦਾ ਅਰਥ ਕਿਸੇ ਵੀ ਨਿਸ਼ਚਿਤ ਨਿਯਮ ਤੋਂ ਹੈ।

**54. ਕਾਨੂੰਨ ਦੀ ਕੀ ਅਹਿਮੀਅਤ ਹੈ ?**

ਉੱਤਰ- ਨਿੱਜੀ ਜ਼ਿੰਦਗੀ ਜਿਊਣ ਲਈ ਵੀ ਕਾਨੂੰਨ ਦੀ ਲੋੜ ਹੁੰਦੀ ਹੈ। ਇਸੇ ਤਰ੍ਹਾਂ ਸਮਾਜ ਵਿੱਚ ਅਨੁਸ਼ਾਸਨ ਬਣਾਈ ਰੱਖਣ ਲਈ ਕਾਨੂੰਨ ਦੀ ਲੋੜ ਹੁੰਦੀ ਹੈ।ਸੰਸਥਾਵਾਂ ਨੂੰ ਨਿਯਮਤ ਕਰਨ ਲਈ ਵੀ ਕਾਨੂੰਨ ਦੀ ਲੋੜ ਪੈਂਦੀ ਹੈ।

**55. ਨਿਆਂਪਾਲਿਕਾ ਦੀ ਨਿਰਪੱਖਤਾ ਤੋਂ ਕੀ ਭਾਵ ਹੈ ?**

ਉੱਤਰ- ਨਿਆਂਪਾਲਿਕਾ ਕਿਸੇ ਵੀ ਵਿਸ਼ੇਸ਼ ਵਿਅਕਤੀ ਜਾਂ ਸੰਸਥਾ ਦਾ ਪੱਖ ਨਹੀਂ ਲੈਂਦੀ। ਸਾਰੇ ਵਿਅਕਤੀ ਬਿਨ੍ਹਾਂ ਕਿਸੇ ਜਾਤ, ਧਰਮ , ਰੰਗ ਜਾਂ ਨਸਲ ਦੇ ਵਿਤਕਰਾ ਕੀਤੇ ਕਾਨੂੰਨ ਸਾਹਮਣੇ ਬਰਾਬਰ ਹਨ।

**56. ਮਹਾਤਮਾ ਗਾਂਧੀ ਜੀ ਦੁਆਰਾ ਅੰਦੋਲਨ ਕਦੋਂ-ਕਦੋਂ ਕੀਤੇ ਗਏ?**

ਉੱਤਰ- **1920** ਵਿੱਚ ਨਾ-ਮਿਲਵਰਤਨ ਅੰਦੋਲਨ, **1930** ਵਿੱਚ ਸਿਵਲ-ਨਾ-ਫੁਰਮਾਨੀ ਅਤੇ **1942** ਵਿੱਚ ਭਾਰਤ ਛੱਡੋ ਅੰਦੋਲਨ ਕੀਤੇ ਗਏ[

**57. ਨਿਆਂਪਾਲਿਕਾ ਕਿਸ ਨੂੰ ਕਹਿੰਦੇ ਹਨ?**

ਉੱਤਰ- ਅਦਾਲਤਾਂ, ਜੋ ਕਾਨੂੰਨ ਅਨੁਸਾਰ ਨਿਆਂ ਕਰਦੀਆਂ ਹਨ, ਨੂੰ ਨਿਆਂਪਾਲਿਕਾ ਕਹਿੰਦੇ ਹਨ ।

**58. ਭਾਰਤ ਦੀ ਸਭ ਤੋਂ ਵੱਡੀ ਅਦਾਲਤ ਕਿਹੜੀ ਹੈ ਅਤੇ ਇਹ ਕਿੱਥੇ ਸਥਿੱਤ ਹੈ?**

ਉੱਤਰ- ਭਾਰਤ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਹੈ ਅਤੇ ਇਹ ਨਵੀਂ ਦਿੱਲੀ ਵਿਖੇ ਸਥਿੱਤ ਹੈ [

**59. ਮੁੱਖ ਮੁਕੱਦਮੇ ਕਿਹੜੇ ਹੁੰਦੇ ਹਨ?**

ਉੱਤਰ- ਮੁੱਖ ਮੁਕੱਦਮੇ ਦੋ ਤਰ੍ਹਾਂ ਦੇ ਹੁੰਦੇ ਹਨ:- 1. ਸਿਵਿਲ ਜਾਂ ਦੀਵਾਨੀ 2. ਫ਼ੌਜਦਾਰੀ

**60. ਸਿਵਿਲ ਮੁਕੱਦਮਾ ਕੀ ਹੈ?**

ਉੱਤਰ- ਸਿਵਿਲ ਮੁਕੱਦਮੇ ਆਮ ਲੋਕਾਂ ਨਾਲ ਸੰਬੰਧਿਤ ਹੁੰਦੇ ਹਨ। ਉਹ ਮੁਕੱਦਮੇ ਜਿਨ੍ਹਾਂ ਦਾ ਸੰਬੰਧ ਨਿੱਜੀ ਜ਼ਿੰਦਗੀ ਨਾਲ ਹੁੰਦਾ ਹੈ, ਜਿਵੇਂ ਮੌਲਿਕ ਅਧਿਕਾਰ, ਵਿਆਹ ਤਲਾਕ, ਜਾਇਦਾਦ ਅਤੇ ਜ਼ਮੀਨੀ ਝਗੜੇ ਆਦਿ ।

**61. ਸਰਕਾਰੀ ਵਕੀਲ ਕੌਣ ਹੁੰਦੇ ਹਨ?**

ਉੱਤਰ- ਜਿਹੜੇ ਵਕੀਲ ਸਰਕਾਰ ਦੇ ਹੱਕ ਵਿੱਚ ਕੇਸ ਲੜਦੇ ਹਨ, ਉਨ੍ਹਾਂ ਨੂੰ ਸਰਕਾਰੀ ਵਕੀਲ ਕਿਹਾ ਜਾਂਦਾ ਹੈ ।

**62. ਜਨਹਿੱਤ ਮੁਕੱਦਮਾ (P.I.L.- Public Interest Litigation) ਕੀ ਹੈ?**

ਉੱਤਰ- ਆਮ ਜਨਤਾ ਦੇ ਸਾਂਝੇ ਹਿੱਤ ਲਈ ਜਦੋਂ ਕੋਈ ਮੁਕੱਦਮਾ ਦਾਇਰ ਕੀਤਾ ਜਾਂਦਾ ਹੈ, ਤਾਂ ਉਹ ਜਨਹਿੱਤ ਮੁਕੱਦਮਾ ਹੁੰਦਾ ਹੈ ।

**63. ਐੱਫ.ਆਈ.ਆਰ ਕੀ ਹੈ?**

ਉੱਤਰ ਐੱਫ.ਆਈ.ਆਰ (**F.I.R. = First Information Report**) ਪਹਿਲੀ ਸੂਚਨਾ ਰਿਪੋਰਟ ਹੈ । ਕਿਸੇ ਵੀ ਦੁਰਘਟਨਾ ਦੀ ਸੂਚਨਾ ਨੇੜੇ ਦੇ ਪੁਲਿਸ ਕੇਂਦਰ ਨੂੰ ਦੇਣੀ ਹੁੰਦੀ ਹੈ[

**64. ATM ਕਾਰਡ ਹੋਣ ਦੇ ਕੀ ਫਾਇਦੇ ਹਨ?**

**1.** ਨਕਦ ਰਕਮ ਕਢਾਉਣਾ।

2. ਖਾਤੇ ਦੀ ਬਕਾਇਆ ਰਕਮ ਦੀ ਜਾਂਚ।

3 ਬਿੱਲਾਂ ਦੀ ਅਦਾਇਗੀ

4. ਰਕਮ ਦਾ ਤਬਾਦਲਾ

**65.ਡੈਬਿਟ ਕਾਰਡ ਦੇ ਕੀ ਫਾਇਦੇ ਹਨ?**

ਉੱਤਰ- ਡੈਬਿਟ ਕਾਰਡ ਖਾਤਾ, ਧਾਰਕਾਂ ਨੂੰ ਨਕਦ ਪੈਸੇ ਕਢਵਾਉਣ ਅਤੇ ਚੀਜ਼ਾਂ ਅਤੇ ਸੇਵਾਵਾਂ ਲਈ ਭੁਗਤਾਨ ਕਰਨ ਲਈ ਆਗਿਆ ਦਿੰਦਾ ਹੈ। ਡੈਬਿਟ ਕਾਰਡ ਧਾਰਕ ਨੂੰ ਬੈਂਕ ਸ਼ਾਖਾ ਵਿੱਚ ਜਾਣ ਦੀ ਲੋੜ ਨਹੀਂ ਰਹਿੰਦੀ ਅਤੇ ਇਸ ਕਿਸਮ ਦਾ ਕਾਰਡ,

ਭੁਗਤਾਨ ਦੇ ਇੱਕ ਰੂਪ ਵਜੋਂ, ਚੈੱਕਾਂ ਦੀ ਜ਼ਰੂਰਤ ਨੂੰ ਵੀ ਦੂਰ ਕਰਦਾ ਹੈ ਅਤੇ ਤੁਰੰਤ ਪੈਸੇ ਟਰਾਂਸਫਰ ਕਰਵਾਉਣ ਦੀ ਸਹੂਲਤ ਵੀ ਦਿੰਦਾ ਹੈ।

**ਤਿੰਨ ਅੰਕਾਂ ਵਾਲੇ ਪ੍ਰਸ਼ਨ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਤੋਂ 50 ਸ਼ਬਦਾਂ ਵਿੱਚ ਦਿਓ)**

**1. ਮਿੱਟੀ ਦੀਆਂ ਕਿਸਮਾਂ ਦੱਸ ਕੇ ਦੇਸ਼ ਵਿੱਚ ਜਲੋਢੀ ਮਿੱਟੀ ਦੀ ਮਹੱਤਤਾ ਬਾਰੇ ਲਿਖੋ।**

ਉੱਤਰ- ਭਾਰਤ ਵਿੱਚ ਛੇ ਕਿਸਮ ਦੀ ਮਿੱਟੀ ਪਾਈ ਜਾਂਦੀ ਹੈ:-

| | | | |
|---|---|---|---|
| **ਮਿੱਟੀ ਦੀਆਂ ਕਿਸਮਾਂ**:- | 1. ਜਲੋਢੀ ਮਿੱਟੀ | 2. ਕਾਲੀ ਮਿੱਟੀ | 3. ਮਾਰੂਥਲੀ ਮਿੱਟੀ |
| | 4. ਲਾਲ ਮਿੱਟੀ | 5. ਲੈਟਰਾਈਟ ਮਿੱਟੀ | 6. ਜੰਗਲੀ ਅਤੇ ਪਰਬਤੀ ਮਿੱਟੀ |

ਜਲੋਢੀ ਮਿੱਟੀ ਦੇਸ਼ ਦੇ ਲਗਭਗ 45% ਹਿੱਸੇ ਤੇ ਪਾਈ ਜਾਂਦੀ ਹੈ। ਇਸ ਕਿਸਮ ਦੀ ਮਿੱਟੀ ਸਾਡੀ ਖੇਤੀਬਾੜੀ ਨੂੰ ਪ੍ਰਫੁੱਲਿਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੀ ਹੈ। ਇਹ ਨਦੀਆਂ ਅਤੇ ਦਰਿਆਵਾਂ ਦੇ ਪਾਣੀ ਦੁਆਰਾ ਲਿਆ ਕੇ ਜਮ੍ਹਾਂ ਕੀਤੀ ਹੋਈ ਮਿੱਟੀ ਹੁੰਦੀ ਹੈ। ਭਾਰਤ ਦੇ ਉੱਤਰੀ ਮੈਦਾਨਾਂ ਵਿੱਚ ਮੁੱਖ ਤੌਰ 'ਤੇ ਜਲੋਢੀ ਕਿਸਮ ਦੀ ਮਿੱਟੀ ਮਿਲਦੀ ਹੈ ਅਤੇ ਇਹਨਾਂ ਮੈਦਾਨਾਂ ਨੂੰ ਗੰਗਾ-ਸਿੰਧ-ਬ੍ਰਹਮ ਪੁੱਤਰ ਦੇ ਮੈਦਾਨ ਵੀ ਕਿਹਾ ਜਾਂਦਾ ਹੈ। ਜਲੋਢੀ ਮਿੱਟੀ 'ਤੇ ਬਣੇ ਹੋਏ ਮੈਦਾਨ ਖੇਤੀਬਾੜੀ ਦੇ ਪੱਖ ਤੋਂ ਬਹੁਤ ਹੀ ਮਹੱਤਵਪੂਰਨ ਮੰਨੇ ਜਾਂਦੀ ਹਨ।

**2. ਮਿੱਟੀ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ?**

ਉੱਤਰ- ਮਿੱਟੀ ਸਾਧਨ ਦੀ ਮਹੱਤਤਾ ਨੂੰ ਦੇਖਦੇ ਹੋਏ, ਇਸ ਸਾਧਨ ਦੀ ਸਾਂਭ-ਸੰਭਾਲ ਹੇਠ ਲਿਖੇ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ:-

1. ਪਹਾੜਾਂ ਦੀਆਂ ਢਲਾਣਾਂ ਉੱਤੇ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਜੋ ਪਾਣੀ ਦੀ ਤੇਜ਼ ਚਾਲ ਨੂੰ ਰੋਕਿਆ ਜਾ ਸਕੇ।
2. ਵਾਧੂ ਪਾਣੀ ਦਾ ਨਿਕਾਸ ਕਰਕੇ ਮਿੱਟੀ ਨੂੰ ਸੇਮ ਦੀ ਸਮੱਸਿਆ ਤੋਂ ਮੁਕਤ ਕਰਾਉਣਾ ਚਾਹੀਦਾ ਹੈ।
3. ਹੜ੍ਹਾਂ ਨੂੰ ਨਦੀਆਂ 'ਤੇ ਬੰਨ੍ਹ ਲਗਾ ਕੇ ਰੋਕਣਾ ਚਾਹੀਦਾ ਹੈ।
4. ਖੇਤੀ ਕਰਨ ਲਈ ਚੰਗੇ ਅਤੇ ਵਧੀਆ ਢੰਗ ਤਰੀਕੇ ਵਰਤੇ ਜਾਣੇ ਚਾਹੀਦੇ ਹਨ।
5. ਹੜ੍ਹਾਂ ਦੀ ਰੋਕਥਾਮ ਨਾਲ ਵੀ ਮਿੱਟੀ ਖੁਰਨ ਤੋਂ ਬਚਾਈ ਜਾ ਸਕਦੀ ਹੈ।

3. **ਪਾਣੀ ਦੇ ਸੋਮਿਆਂ ਵਿੱਚੋਂ ਦਰਿਆ ਅਤੇ ਨਦੀਆਂ ਦੀ ਮਹੱਤਤਾ ਬਾਰੇ ਲਿਖੋ।**

ਉੱਤਰ- ਦਰਿਆਵਾਂ ਅਤੇ ਨਦੀਆਂ ਨੇ ਮਨੁੱਖ ਦੇ ਵਿਕਾਸ ਵਿੱਚ ਸ਼ੁਰੂ ਤੋਂ ਹੀ ਬਹੁਤ ਯੋਗਦਾਨ ਪਾਇਆ ਹੈ। ਪੁਰਾਣੇ ਸਮਿਆਂ ਤੋਂ ਹੀ ਦਰਿਆਵਾਂ ਅਤੇ ਨਦੀਆਂ ਦੇ ਆਸ-ਪਾਸ ਹੀ ਮਨੁੱਖੀ ਬਸੇਰੇ ਦੀ ਸ਼ੁਰੂਆਤ ਹੋਈ। ਬਹੁਤ ਥਾਵਾਂ ਤੇ ਮਨੁੱਖ ਨੇ ਇਹਨਾਂ ਦਰਿਆਵਾਂ ਅਤੇ ਨਦੀਆਂ 'ਤੇ ਬੰਨ੍ਹ ਬਣਾ ਕੇ ਆਪਣੀ ਜ਼ਰੂਰਤ ਲਈ ਨਹਿਰਾਂ ਦਾ ਨਿਰਮਾਣ ਕੀਤਾ ਹੈ। ਇਹਨਾਂ ਨਹਿਰਾਂ ਦਾ ਪਾਣੀ ਖੇਤੀਬਾੜੀ ਅਤੇ ਹੋਰ ਕੰਮਾਂ ਲਈ ਵਰਤਿਆ ਜਾਂਦਾ ਹੈ।

**4. ਪਾਣੀ ਦੀ ਸੰਭਾਲ ਕਿਵੇਂ ਕੀਤੀ ਜਾ ਸਕਦੀ ਹੈ?**

ਉੱਤਰ-ਪਾਣੀ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ ਨੂੰ ਸਮਝਦੇ ਹੋਏ ਪਾਣੀ ਦੀ ਸਾਂਭ-ਸੰਭਾਲ ਲਈ ਹੇਠ ਲਿਖੇ ਤਰੀਕੇ ਅਪਣਾਉਣੇ ਚਾਹੀਦੇ ਹਨ:-

1. ਪਾਣੀ ਨੂੰ ਲੋੜ ਤੋਂ ਜ਼ਿਆਦਾ ਨਾ ਵਰਤਿਆ ਜਾਵੇ।
2. ਸਿੰਚਾਈ ਲੋੜ ਅਨੁਸਾਰ ਹੀ ਕੀਤੀ ਜਾਵੇ। ਸਿੰਚਾਈ ਲਈ ਨਵੇਂ ਤਰੀਕਿਆਂ ਜਿਵੇਂ ਕਿ ਫੁਹਾਰਾ ਪ੍ਰਣਾਲੀ ਆਦਿ ਦੀ ਵਰਤੋਂ ਕੀਤੀ ਜਾਵੇ।
3. ਵਰਖਾ ਦੇ ਪਾਣੀ ਨੂੰ ਬੰਨ੍ਹ ਬਣਾ ਕੇ ਜਮ੍ਹਾਂ ਕਰਕੇ ਬਾਅਦ ਵਿੱਚ ਵਰਤਿਆ ਜਾ ਸਕਦਾ ਹੈ।
4. ਵਰਖਾ ਦੇ ਪਾਣੀ ਨੂੰ ਜ਼ਮੀਨੀ ਬੋਰਾਂ ਰਾਹੀਂ ਜ਼ਮੀਨੀ ਪਾਣੀ ਦਾ ਪੱਧਰ ਉੱਚਾ ਚੁੱਕਣ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।
5. ਲੋੜ ਪੈਣ 'ਤੇ ਪਾਣੀ ਦੀ ਦੁਬਾਰਾ ਵਰਤੋਂ ਕੀਤੀ ਜਾ ਸਕਦੀ ਹੈ।
6. ਸੀਵਰੇਜ਼ ਦਾ ਪਾਣੀ ਸਾਫ਼ ਕਰਕੇ ਸਿੰਚਾਈ ਲਈ ਵਰਤਿਆ ਜਾ ਸਕਦਾ ਹੈ।

**5. ਪੱਤਝੜ ਜੰਗਲਾਂ 'ਤੇ ਇੱਕ ਨੋਟ ਲਿਖੋ।**

ਉੱਤਰ- ਪੱਤਝੜ ਜੰਗਲ ਉਹ ਜੰਗਲ ਹਨ ਜਿਨ੍ਹਾਂ ਦਰਖੱਤਾਂ ਦੇ ਪੱਤੇ ਇੱਕ ਮੌਸਮ ਵਿਚ ਝੜ੍ਹ ਜਾਂਦੇ ਹਨ। ਬਸੰਤ ਰੁੱਤ ਵਿਚ ਪੱਤੇ ਦੁਬਾਰਾ ਆਉਂਦੇ ਹਨ। ਇਸ ਤਰ੍ਹਾਂ ਦੀ ਬਨਸਪਤੀ ਦੱਖਣੀ ਭਾਰਤ ਵਿੱਚ ਜ਼ਿਆਦਾ ਮਿਲਦੀ ਹੈ। ਲੱਕੜ ਦੀ ਪ੍ਰਾਪਤੀ ਦੇ ਪੱਖੋਂ ਇਹ ਜੰਗਲ ਬਹੁਤ ਮਹੱਤਤਾ ਰੱਖਦੇ ਹਨ। ਇਨ੍ਹਾਂ ਜੰਗਲਾਂ ਤੋਂ ਸਾਨੂੰ ਮੁੱਖ ਤੌਰ ਤੇ ਸਾਲ, ਟੀਕ, ਬਾਂਸ, ਖੈਰ ਅਤੇ ਟਾਹਲੀ ਆਦਿ ਕਿਸਮ ਦੀ ਲੱਕੜੀ ਮਿਲਦੀ ਹੈ।

**6. ਜੰਗਲੀ ਜੀਵਾਂ ਦੇ ਬਚਾਅ ਅਤੇ ਸਾਂਭ-ਸੰਭਾਲ ਲਈ ਸਰਕਾਰ ਨੇ ਕੀ-ਕੀ ਕਦਮ ਉਠਾਏ ਹਨ?**

ਉੱਤਰ- ਜੰਗਲੀ ਜੀਵਾਂ ਦੀਆਂ ਕਈ ਕਿਸਮਾਂ ਤਾਂ ਹੁਣ ਤੱਕ ਖਤਮ ਹੋ ਚੁੱਕੀਆਂ ਜਾਂ ਕਈ ਖਤਮ ਹੋਣ ਦੇ ਕੰਢੇ ‘ਤੇ ਹਨ।ਇਸ ਲਈ ਜੰਗਲੀ ਜੀਵਾਂ ਦੇ ਬਚਾਅ ਅਤੇ ਸਾਂਭ-ਸੰਭਾਲ ਲਈ ਸਰਕਾਰ ਵੱਲੋਂ ਕਈ ਉਪਰਾਲੇ ਕੀਤੇ ਜਾ ਰਹੇ ਹਨ। 1952 ਵਿੱਚ ਜੰਗਲੀ ਜੀਵਾਂ ਲਈ ਭਾਰਤੀ ਬੋਰਡ ਦੀ ਸਥਾਪਨਾ ਕੀਤੀ ਗਈ ਸੀ। ਇਸ ਤੋਂ ਬਾਅਦ 1972 ਵਿੱਚ ਅਤੇ ਫਿਰ 2002 ਵਿੱਚ ਜੰਗਲੀ ਜੀਵਾਂ ਦੀ ਸੁਰੱਖਿਆ ਲਈ ਸਰਕਾਰ ਵੱਲੋਂ ਐਕਟ ਪਾਸ ਕੀਤੇ ਗਏ। ਬਹੁਤ ਸਾਰੇ ਕੌਮੀ ਪਾਰਕਾਂ ਅਤੇ ਜੰਗਲੀ ਜੀਵ ਪਨਾਹਗਾਹਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

**7. ਕੱਚਾ-ਲੋਹਾ ਮੁੱਖ ਤੌਰ ‘ਤੇ ਕਿਹੜੇ ਦੇਸ਼ਾਂ ਵਿੱਚੋਂ ਮਿਲਦਾ ਹੈ? ਇਸ ਦੀਆਂ ਕਿਸਮਾਂ ਦੇ ਨਾਮ ਲਿਖੋ।**

ਉੱਤਰ:- ਸੰਸਾਰ ਵਿੱਚ ਕੱਚਾ-ਲੋਹਾ ਮੁੱਖ ਤੌਰ ‘ਤੇ ਭਾਰਤ, ਰੂਸ ਅਤੇ ਇਸ ਦੇ ਗੁਆਂਢੀ ਦੇਸ਼ਾਂ, ਆਸਟ੍ਰੇਲੀਆ, ਬ੍ਰਾਜ਼ੀਲ ਅਤੇ ਸੰਯੁਕਤ ਰਾਜ ਅਮਰੀਕਾ (ਯੂ.ਐੱਸ.ਏ) ਦੇਸ਼ਾਂ ਵਿੱਚੋਂ ਮਿਲਦਾ ਹੈ। ਹੈਮੇਟਾਈਟ ਅਤੇ ਮੈਗਨੇਟਾਈਟ ਕੱਚੇ ਲੋਹੇ ਦੀਆਂ ਮੁੱਖ ਕਿਸਮਾਂ ਹਨ।

**8. ਬਾਕਸਾਈਟ ਦੀ ਮਹੱਤਤਾ ‘ਤੇ ਨੋਟ ਲਿਖੋ।**

ਉੱਤਰ- ਬਾਕਸਾਈਟ ਇੱਕ ਮਹੱਤਵਪੂਰਨ ਕੱਚੀ ਧਾਤ ਹੈ ਜਿਸ ਤੋਂ ਐਲੂਮੀਨੀਅਮ ਬਣਾਇਆ ਜਾਂਦਾ ਹੈ। ਇਹ ਚੀਕਣੀ ਮਿੱਟੀ ਵਰਗੀ ਧਾਤ ਹੈ ਜਿਸ ਵਿੱਚ ਐਲੂਮੀਨੀਅਮ ਆਕਸਾਈਡ ਹੁੰਦਾ ਹੈ। ਐਲੂਮੀਨੀਅਮ ਨੂੰ ਅੱਜ ਦੇ ਸਮੇਂ ਵਿੱਚ ਬਹੁਤ ਸਾਰੇ ਉਦਯੋਗਾਂ ਵਿੱਚ ਵੱਡੇ ਪੈਮਾਨੇ ‘ਤੇ ਵਰਤਿਆ ਜਾਂਦਾ ਹੈ। ਇਸ ਦੀ ਵਰਤੋਂ ਮੁੱਖ ਤੌਰ ‘ਤੇ ਬਰਤਨ, ਬਿਜਲੀ ਦੀਆਂ ਤਾਰਾਂ, ਮੋਟਰ-ਕਾਰਾਂ, ਰੇਲ-ਗੱਡੀਆਂ, ਸਮੁੰਦਰੀ ਜਹਾਜ਼ ਅਤੇ ਹਵਾਈ ਜਹਾਜ਼ ਬਣਾਉਣ ਵਿੱਚ ਕੀਤੀ ਜਾ ਰਹੀ ਹੈ।

**9. ਕੁਦਰਤੀ ਗੈਸ ਦੀ ਸਾਡੇ ਜੀਵਨ ਵਿੱਚ ਕੀ ਮਹੱਤਤਾ ਹੈ ਅਤੇ ਇਸ ਦੇ ਮੁੱਖ ਖੇਤਰ ਸਾਡੇ ਦੇਸ਼ ਵਿੱਚ ਕਿਹੜੇ-ਕਿਹੜੇ ਹਨ?**

ਉੱਤਰ: ਕੁਦਰਤੀ ਗੈਸ ਸ਼ਕਤੀ ਦਾ ਇੱਕ ਬਹੁਤ ਵੱਡਾ ਸਾਧਨ ਹੈ। ਇਸ ਗੈਸ ਦੀ ਵਰਤੋਂ ਘਰਾਂ ਵਿੱਚ, ਗੱਡੀਆਂ ਚਲਾਉਣ ਵਿੱਚ ਅਤੇ ਹੋਰ ਉਦਯੋਗਾਂ ਵਿੱਚ ਹੁੰਦੀ ਹੈ। ਸੰਸਾਰ ਦੇ ਸਾਰੇ ਤੇਲ ਪੈਦਾ ਕਰਨ ਵਾਲੇ ਖੇਤਰਾਂ ਵਿੱਚ ਕੁਦਰਤੀ ਗੈਸ ਮਿਲਦੀ ਹੈ। ਭਾਰਤ ਵਿੱਚ ਕ੍ਰਿਸ਼ਨਾ–ਗੋਦਾਵਰੀ ਬੇਸਿਨ, ਉੜੀਸਾ ਦੇ ਨੇੜੇ ਬੰਗਾਲ ਦੀ ਖਾੜੀ ਵਿੱਚ, ਰਾਜਸਥਾਨ ਦੇ ਬਾਰਮੇੜ ਖੇਤਰ ਕੁਦਰਤੀ ਗੈਸ ਪੈਦਾ ਕਰਨ ਲਈ ਪ੍ਰਸਿੱਧ ਹਨ।

**10. ਪਣ-ਬਿਜਲੀ ਤਿਆਰ ਕਰਨ ਲਈ ਲੋੜੀਂਦੇ ਤੱਤਾਂ ਬਾਰੇ ਲਿਖੋ।**

ਉੱਤਰ- ਪਣ-ਬਿਜਲੀ ਤਿਆਰ ਕਰਨ ਲਈ ਨਿਮਨਲਿਖਤ ਤੱਤ ਲੋੜੀਂਦੇ ਹਨ-

1. ਪਾਣੀ ਸਾਧਨ ਸਾਰਾ ਸਾਲ ਹੀ ਉਪਲੱਬਧ ਹੋਵੇ।
2. ਪਾਣੀ ਦੇ ਰਸਤੇ ਵਿੱਚ ਲੋੜੀਂਦੀ ਢਲਾਣ ਜਾਂ ਬੰਨ੍ਹ ਬਣਾਉਣ ਲਈ ਉੱਚਾਈ ਹੋਵੇ ।
3. ਬਿਜਲੀ ਬਣਾਉਣ ਲਈ ਪਾਣੀ ਲੋੜੀਂਦੀ ਮਾਤਰਾ ਵਿੱਚ ਉਪਲੱਬਧ ਹੋਵੇ।
4. ਬੰਨ੍ਹ ਦੇ ਪਿਛਲੇ ਪਾਸੇ ਪਾਣੀ ਦੇ ਭੰਡਾਰ ਜਾਂ ਝੀਲ ਵਾਸਤੇ ਲੋੜੀਂਦੀ ਜਗ੍ਹਾ ਹੋਵੇ।
5. ਇਲਾਕੇ ਵਿੱਚ ਬਿਜਲੀ ਦੀ ਮੰਗ ਹੋਵੇ।
6. ਬੰਨ੍ਹ ਬਣਾਉਣ, ਬਿਜਲੀ ਘਰਾਂ ਦਾ ਨਿਰਮਾਣ ਕਰਨ ਅਤੇ ਬਿਜਲੀ ਦੀਆਂ ਲਾਈਨਾਂ (ਤਾਰਾਂ) ਖਿੱਚਣ ਵਾਸਤੇ ਪੂੰਜੀ ਉਪਲੱਬਧ ਹੋਵੇ।

**11. ਜਵਾਲਾਮੁਖੀ ਕਿਸ ਨੂੰ ਆਖਦੇ ਹਨ? ਇਸ ਦੀਆਂ ਕਿਸਮਾਂ ਦੇ ਨਾਮ ਲਿਖੋ।**

ਉੱਤਰ- ਧਰਤੀ ਦੇ ਅੰਦਰੂਨੀ ਹਿੱਸੇ ਵਿੱਚ ਤਾਪਮਾਨ ਬਹੁਤ ਜ਼ਿਆਦਾ ਹੋਣ ਕਰਕੇ, ਅੰਦਰਲੀਆਂ ਚੱਟਾਨਾਂ ਜੋ ਕਿ ਪਹਿਲਾਂ ਹੀ ਪਿਘਲੀ ਹੋਈ ਹਾਲਤ ਵਿੱਚ ਹਨ, ਧਰਤੀ ਦੇ ਕਮਜ਼ੋਰ ਹਿੱਸੇ ਤੋਂ ਲਾਵੇ ਦੇ ਰੂਪ ਵਿਚ ਬਾਹਰ ਆ ਜਾਂਦੀਆਂ ਹਨ । ਲਾਵਾ ਦੀ ਧਰਤੀ ‘ਤੇ ਆਉਣ ਦੀ ਕਿਰਿਆ ਨੂੰ ਜਵਾਲਾਮੁਖੀ ਦਾ ਨਾਮ ਦਿੱਤਾ ਜਾਂਦਾ ਹੈ।

ਜਵਾਲਾਮੁਖੀ ਮੁੱਖ ਤੌਰ ਤੇ ਤਿੰਨ ਪ੍ਰਕਾਰ ਦੇ ਹੁੰਦੇ ਹਨ :-

1. ਕਿਰਿਆਸ਼ੀਲ ਜਵਾਲਾਮੁਖੀ 2. ਸੁੱਤੇ ਹੋਏ ਜਵਾਲਾਮੁਖੀ 3. ਬੁੱਝੇ ਹੋਏ ਜਵਾਲਾਮੁਖੀ

**12. ਹੜ੍ਹਾਂ ਦੇ ਆਉਣ ਦੇ ਮੁੱਖ ਕਾਰਨ ਕਿਹੜੇ-ਕਿਹੜੇ ਹਨ?**

ਉੱਤਰ- 1. ਜ਼ਿਆਦਾ ਵਰਖਾ 2. ਤੇਜ਼ ਚੱਕਰਵਾਤਾਂ ਦਾ ਆਉਣਾ

3. ਬੱਦਲਾਂ ਦਾ ਫੱਟਣਾ 4. ਪਾਣੀ ਦੇ ਨਿਕਾਸ ਦਾ ਪ੍ਰਬੰਧ ਠੀਕ ਨਾ ਹੋਣਾ

5. ਨਦੀਆਂ ਅਤੇ ਦਰਿਆਵਾਂ ਦੇ ਤਲ ਉੱਤੇ ਮਿੱਟੀ ਦਾ ਜਮਾਅ 6. ਬੰਨ੍ਹਾਂ ਦਾ ਟੁੱਟ ਜਾਣਾ

7. ਨਦੀਆਂ ਅਤੇ ਦਰਿਆਵਾਂ ਦੀ ਮਾਰ ਹੇਠ ਆਉਂਦੇ ਇਲਾਕਿਆਂ ਵਿਚ ਰਿਹਾਇਸ਼ੀ ਇਮਾਰਤਾਂ ਦਾ ਨਿਰਮਾਣ ਕਰਨਾ

8. ਪਹਾੜਾਂ ਦੀਆਂ ਢਲਾਣਾਂ ਤੋਂ ਦਰੱਖ਼ਤਾਂ ਦਾ ਕੱਟਿਆ ਜਾਣਾ ।

**13. ਚੱਕਰਵਾਤ ਕੀ ਹੁੰਦਾ ਹੈ? ਇਸ ਨੂੰ ਹੋਰ ਕਿਹੜੇ ਨਾਵਾਂ ਨਾਲ ਜਾਣਿਆ ਜਾਂਦਾ ਹੈ ?**

ਉੱਤਰ- ਚੱਕਰਵਾਤ ਜਾਂ ਤੂਫ਼ਾਨ, ਤੇਜ਼ ਹਵਾਵਾਂ ਹੁੰਦੀਆਂ ਹਨ ਜਿਨ੍ਹਾਂ ਦੀ ਗਤੀ 63 ਕਿਲੋਮੀਟਰ ਪ੍ਰਤੀ ਘੰਟਾ ਜਾਂ ਇਸ ਤੋਂ ਵੱਧ ਹੁੰਦੀ ਹੈ । ਉੱਤਰੀ ਅਮਰੀਕਾ ਵਿੱਚ ਇਸਨੂੰ ਹਰੀਕੇਨ, ਦੱਖਣ-ਪੂਰਬੀ ਏਸ਼ੀਆ ਵਿੱਚ ਟਾਈਫੂਨ, ਭਾਰਤ ਵਿੱਚ ਝੱਖੜ (Storms), ਤੂਫ਼ਾਨ ਜਾਂ ਵਾਵਰੋਲਾ ਕਿਹਾ ਜਾਂਦਾ ਹੈ।

**14. ਆਫ਼ਤਾਂ ਮਨੁੱਖ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ?**

ਉੱਤਰ- ਆਫ਼ਤਾਂ ਕੁਦਰਤੀ ਹੋਣ ਜਾਂ ਮਨੁੱਖੀ ਕਿਰਿਆਵਾਂ ਦੁਆਰਾ ਪੈਦਾ ਕੀਤੀਆਂ ਗਈਆਂ ਹੋਣ, ਮਨੁੱਖ ਦੇ ਜੀਵਨ ਉੱਤੇ ਬਹੁਤ ਹੱਦ ਤੱਕ ਅਸਰ ਪਾਉਂਦੀਆਂ ਹਨ। ਭੂਚਾਲ ਅਤੇ ਜਵਾਲਾਮੁਖੀ ਵਰਗੀਆਂ ਆਫ਼ਤਾਂ ਬਹੁਤ ਥੋੜ੍ਹੇ ਸਮੇਂ ਲਈ ਆਉਂਦੀਆਂ ਹਨ ਪਰ ਬਹੁਤ ਵੱਡੀ ਤਬਾਹੀ ਮਚਾ ਜਾਂਦੀਆਂ ਹਨ। ਥੋੜ੍ਹਾ ਸਮਾਂ ਪਹਿਲਾਂ ਆਈਆਂ ਸੁਨਾਮੀ ਲਹਿਰਾਂ ਨੇ ਲੱਖਾਂ ਲੋਕਾਂ ਦੀ ਜਾਨ ਲੈ ਲਈ ਸੀ। ਹੜ੍ਹ ਅਤੇ ਚੱਕਰਵਾਤ ਵਰਗੀਆਂ ਕੁਦਰਤੀ ਮੁਸੀਬਤਾਂ ਵੀ ਜਾਨ ਅਤੇ ਮਾਲ ਦਾ ਬਹੁਤ ਨੁਕਸਾਨ ਕਰ ਜਾਂਦੀਆਂ ਹਨ। ਲੋਕ ਘਰੋਂ ਬੇਘਰ ਹੋ ਜਾਂਦੇ ਹਨ ਅਤੇ ਬਹੁਤ ਸਾਰਾ ਆਰਥਿਕ ਨੁਕਸਾਨ ਵੀ ਲੋਕਾਂ ਅਤੇ ਦੇਸ਼ ਨੂੰ ਝੱਲਣਾ ਪੈਂਦਾ ਹੈ।

**15. ਭੂਚਾਲ ਆਫ਼ਤ ਪ੍ਰਬੰਧਨ ਵਿੱਚ ਸਾਨੂੰ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?**

ਉੱਤਰ- ਭੂਚਾਲ ਆਫ਼ਤ ਪ੍ਰਬੰਧਨ ਲਈ ਸਾਨੂੰ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ:-

1. ਭੂਚਾਲ ਗ੍ਰਸਤ ਇਲਾਕਿਆਂ ਵਿੱਚ ਇਮਾਰਤਾਂ ਦੇ ਨਕਸ਼ੇ ਅਤੇ ਬਣਾਵਟ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ ਭੂਚਾਲ ਆਉਣ ਤੇ ਇਨ੍ਹਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ।
2. ਭੂਚਾਲ ਆਉਣ ਤੇ ਡਰ ਜਾਂ ਦਹਿਸ਼ਤ ਦਾ ਮਾਹੌਲ ਨਹੀਂ ਬਣਨ ਦੇਣਾ ਚਾਹੀਦਾ ਸਗੋਂ ਸ਼ਾਂਤ ਰਹਿ ਕੇ ਦਿਮਾਗ ਤੋਂ ਕੰਮ ਲੈਣਾ ਚਾਹੀਦਾ ਹੈ ।
3. ਭੂਚਾਲ ਆਉਣ ਸਮੇਂ ਅੰਦਰ ਬੈਠੇ ਹੋਈਏ ਤਾਂ ਬਾਹਰ ਨੂੰ ਭੱਜਣ ਦੀ ਬਜਾਏ, ਕਿਸੇ ਸਖ਼ਤ ਚੀਜ਼ ਜਿਵੇਂ ਮੇਜ਼, ਮੰਜੇ ਜਾਂ ਦਰਵਾਜ਼ੇ ਦੇ ਪਿੱਛੇ ਹੋ ਜਾਣਾ ਚਾਹੀਦਾ ਹੈ ।
4. ਭੂਚਾਲ ਆਉਣ ਸਮੇਂ ਜੇਕਰ ਅਸੀਂ ਬਾਹਰ ਹੋਈਏ ਤਾਂ ਖੁੱਲ੍ਹੀ ਜਗ੍ਹਾ ਵਿੱਚ ਚਲੇ ਜਾਣਾ ਚਾਹੀਦਾ ਹੈ। ਇਮਾਰਤਾਂ, ਦਰੱਖਤਾਂ, ਬਿਜਲੀ

ਦੀਆਂ ਤਾਰਾਂ ਅਤੇ ਖੰਭਿਆਂ ਆਦਿ ਦੇ ਨੇੜੇ ਨਹੀਂ ਖੜ੍ਹਨਾ ਚਾਹੀਦਾ।

5. ਭੂਚਾਲ ਨਾਲ ਪ੍ਰਭਾਵਿਤ ਆਵਾਜਾਈ, ਸੂਚਨਾ ਅਤੇ ਸੰਚਾਰ ਦੇ ਸਾਧਨਾਂ ਨੂੰ ਦੁਬਾਰਾ ਛੇਤੀ ਚਾਲੂ ਕੀਤਾ ਜਾਣਾ ਚਾਹੀਦਾ ਹੈ।
6. ਬੇ-ਘਰ ਹੋਏ ਲੋਕਾਂ ਨੂੰ ਘਰ ਅਤੇ ਹੋਰ ਅਨੇਕਾਂ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕਰਨਾ ਸਰਕਾਰ ਦਾ ਮੁੱਖ ਫ਼ਰਜ਼ ਬਣ ਜਾਂਦਾ ਹੈ।
7. ਚਲਦੇ ਹੋਏ ਵਾਹਨ (ਕਾਰ, ਸਕੂਟਰ, ਬੱਸ ਆਦਿ) ਰੋਕ ਲੈਣੇ ਚਾਹੀਦੇ ਹਨ।
8. ਭੂਚਾਲ ਨਾਲ ਪ੍ਰਭਾਵਿਤ ਵਿਅਕਤੀਆਂ ਨੂੰ ਮੈਡੀਕਲ ਸਹੂਲਤਾਂ ਸਮੇਂ ਸਿਰ ਪਹੁੰਚਾਈਆਂ ਜਾਣੀਆਂ ਚਾਹੀਦੀਆਂ ਹਨ।

**16. ਜਵਾਲਾਮੁਖੀ ਅਤੇ ਸੁਨਾਮੀ ਤੋ ਬਚਾਅ ਵਾਸਤੇ ਕੀ-ਕੀ ਪ੍ਰਬੰਧ ਕਰਨੇ ਚਾਹੀਦੇ ਹਨ?**

ਉੱਤਰ- ਜਵਾਲਾਮੁਖੀ ਤੋਂ ਬਚਾਅ ਲਈ ਪ੍ਰਬੰਧ:-

1. ਜਵਾਲਾਮੁਖੀ ਵਿਸਫੋਟ ਵਾਲੇ ਸਥਾਨ ਦੇ ਨੇੜੇ ਘਰ ਜਾਂ ਹੋਰ ਇਮਾਰਤਾਂ ਨਹੀਂ ਬਣਾਉਣੀਆਂ ਚਾਹੀਦੀਆਂ।

2. ਜਵਾਲਾਮੁਖੀ ਫੱਟਣ ਤੋਂ ਕੁੱਝ ਦੇਰ ਪਹਿਲਾਂ ਕੁੱਝ ਨਿਸ਼ਾਨੀਆਂ ਦਿਖਣ 'ਤੇ ਹੀ ਇਸ ਸਥਾਨ ਤੋਂ ਬਹੁਤ ਦੂਰ ਚਲੇ ਜਾਣਾ ਚਾਹੀਦਾ ਹੈ।

3.ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦੀ ਹਾਲਤ ਵਿੱਚ ਸਰਕਾਰ ਨੂੰ ਲੋੜੀਂਦੀ ਮੈਡੀਕਲ ਅਤੇ ਹੋਰ ਮੱਦਦ ਲਈ ਤਿਆਰ ਰਹਿਣਾ ਚਾਹੀਦਾ ਹੈ।

4.ਜਵਾਲਾਮੁਖੀ ਵਾਲੇ ਸਥਾਨ ਤੋਂ ਦੂਰ ਜਾਣ ਲਈ ਤੇਜ਼ ਗਤੀ ਵਾਲੇ ਸਾਧਨ ਇਸਤੇਮਾਲ ਕਰਨੇ ਚਾਹੀਦੇ ਹਨ।

**ਸੁਨਾਮੀ ਤੋਂ ਬਚ-ਬਚਾਅ:-**

1. ਜਦੋਂ ਵੀ ਸੁਨਾਮੀ ਬਾਰੇ ਸੂਚਨਾ ਮਿਲੇ ਤਾਂ ਸਮੁੰਦਰ ਵੱਲ ਨੂੰ ਨਹੀਂ ਜਾਣਾ ਚਾਹੀਦਾ।
2. ਸਮੁੰਦਰ ਵਿੱਚ ਚੱਲ ਰਹੇ ਸਮੁੰਦਰੀ ਜਹਾਜ਼ ਅਤੇ ਬੇੜਿਆਂ ਨੂੰ ਵਾਪਸ ਬੰਦਰਗਾਹ 'ਤੇ ਆ ਜਾਣਾ ਚਾਹੀਦਾ ਹੈ।
3. ਜੇਕਰ ਸੁਨਾਮੀ ਬਹੁਤ ਤੇਜ਼ੀ ਨਾਲ ਸਮੁੰਦਰੀ ਤੱਟ ਵੱਲ ਆ ਰਹੀ ਹੋਵੇ ਤਾਂ ਤੱਟੀ ਇਲਾਕਿਆ ਵਿੱਚ ਰਹਿੰਦੇ ਲੋਕਾਂ ਨੂੰ ਉਹ ਜਗ੍ਹਾ ਛੱਡ ਕੇ ਦੂਰ ਕਿਤੇ ਹੋਰ ਸੁਰੱਖਿਅਤ ਜਗ੍ਹਾ 'ਤੇ ਚਲੇ ਜਾਣਾ ਚਾਹੀਦਾ ਹੈ।

**17. ਸੋਕੇ ਤੋਂ ਬਚਣ ਲਈ ਕਿਹੜੇ-ਕਿਹੜੇ ਕਦਮ ਉਠਾਏ ਜਾ ਸਕਦੇ ਹਨ?**

ਉੱਤਰ- 1. ਸੋਕੇ ਤੋਂ ਬਚਣ ਲਈ ਪਾਣੀ ਨੂੰ ਸ਼ੁਰੂ ਤੋਂ ਹੀ ਸਾਂਭ-ਸੰਭਾਲ ਕੇ ਵਰਤਣਾ ਚਾਹੀਦਾ ਹੈ ਭਾਵ ਇਹ ਹੈ ਕਿ ਪਾਣੀ ਨੂੰ ਅਜਾਈਂ ਨਾ ਜਾਣ ਦਿੱਤਾ ਜਾਵੇ।

2. ਸੋਕਾ ਗ੍ਰਸਤ ਇਲਾਕੇ ਵਿੱਚ ਘੱਟ ਪਾਣੀ ਦੀ ਖਪਤ ਵਾਲੀਆਂ ਫ਼ਸਲਾਂ ਜਿਵੇਂ ਕਿ ਮੱਕੀ, ਬਾਜਰਾ ਅਤੇ ਦਾਲਾਂ ਆਦਿ ਹੀ ਬੀਜੀਆਂ ਜਾਣ।

3. ਸੋਕਾ ਗ੍ਰਸਤ ਇਲਾਕਿਆਂ ਵਿੱਚ ਵਰਖਾ ਦੇ ਪਾਣੀ ਨੂੰ ਤਲਾਬਾਂ ਜਾਂ ਡੈਮਾਂ ਵਿੱਚ ਸਟੋਰ ਕਰਕੇ ਮੁਸੀਬਤ ਦੇ ਸਮੇਂ ਵਾਸਤੇ ਰੱਖਿਆ ਜਾ ਸਕਦਾ ਹੈ।

4. ਵੱਧ ਤੋਂ ਵੱਧ ਦਰੱਖਤ ਲਗਾਉਣੇ ਚਾਹੀਦੇ ਹਨ ਕਿਉਂਕਿ ਦਰੱਖ਼ਤ ਵਰਖਾ ਲਿਆਉਣ ਵਿੱਚ ਮੱਦਦ ਕਰਦੇ ਹਨ।

5. ਸੋਕਾ ਗ੍ਰਸਤ ਇਲਾਕੇ ਦੇ ਲੋਕਾਂ ਨੂੰ ਮੁਸੀਬਤ ਤੋਂ ਬਾਹਰ ਕੱਢਣ ਲਈ ਸਰਕਾਰ ਨੂੰ ਹਰੇਕ ਸੰਭਵ ਯਤਨ ਕਰਨੇ ਚਾਹੀਦੇ ਹਨ।

6.ਸੋਕਾ ਗ੍ਰਸਤ ਇਲਾਕਿਆਂ ਵਿੱਚ ਖੇਤੀ ਨੂੰ ਛੱਡ ਕੇ ਹੋਰ ਆਰਥਿਕ ਧੰਦਿਆਂ ਨੂੰ ਵਿਕਸਤ ਕਰਨਾ ਚਾਹੀਦਾ ਹੈ ਤਾਂ ਜੋ ਪਾਣੀ ਦੀ ਕਮੀ ਵਰਗੀ ਮੁਸੀਬਤ ਤੋਂ ਬਚਿਆ ਜਾ ਸਕੇ।

7. ਸਰਕਾਰ ਨੂੰ ਚਾਹੀਦਾ ਹੈ ਕਿ ਸੋਕਾ ਗ੍ਰਸਤ ਇਲਾਕਿਆਂ ਵਿੱਚ ਆਸ-ਪਾਸ ਦੇ ਜ਼ਿਆਦਾ ਪਾਣੀ ਵਾਲੇ ਇਲਾਕਿਆਂ ਤੋਂ ਸਪੈਸ਼ਲ ਪਾਈਪ ਲਾਈਨਾਂ ਬਣਵਾ ਕੇ ਪਾਣੀ ਦੀ ਲੋੜੀਂਦੀ ਸਪਲਾਈ ਕੀਤੀ ਜਾਵੇ।

**18. ਕਿਹੜੇ-ਕਿਹੜੇ ਉਪਾਅ ਸਾਨੂੰ ਮਹਾਂਮਾਰੀ ਵਰਗੀ ਆਫ਼ਤ ਤੋਂ ਬਚਾਅ ਸਕਦੇ ਹਨ?**

ਉੱਤਰ- 1. ਸ਼ੁੱਧ ਹਵਾ, ਸਾਫ ਪਾਣੀ ਅਤੇ ਸਾਫ਼-ਸੁਥਰਾ ਆਲਾ-ਦੁਆਲਾ ਸਾਨੂੰ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਅ ਸਕਦਾ ਹੈ।

2. ਸ਼ਹਿਰਾਂ ਦੇ ਆਲੇ-ਦੁਆਲੇ ਗੰਦੀਆਂ ਬਸਤੀਆਂ ਦੇ ਵਿਕਾਸ ਨੂੰ ਰੋਕਣਾ ਚਾਹੀਦਾ ਹੈ।

3. ਪਿੰਡਾਂ, ਸ਼ਹਿਰਾਂ ਅਤੇ ਸਕੂਲਾਂ ਵਿੱਚ ਬਿਮਾਰੀਆਂ ਦੀ ਜਾਂਚ ਦਾ ਕੰਮ ਲਗਾਤਾਰ ਹੋਣਾ ਚਾਹੀਦਾ ਹੈ।

4. ਮਹਾਂਮਾਰੀ ਫੈਲਣ ਦੀ ਸੂਰਤ ਵਿੱਚ ਡਾਕਟਰੀ ਟੀਮਾਂ ਅਤੇ ਹਸਪਤਾਲਾਂ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

**19. ਪਲਾਸੀ ਦੀ ਲੜਾਈ ਦਾ ਸੰਖੇਪ ਵਰਨਣ ਕਰੋ।**

ਉੱਤਰ- ਪਲਾਸੀ ਦੀ ਲੜਾਈ ਅੰਗਰੇਜ਼ਾਂ ਅਤੇ ਬੰਗਾਲ ਦੇ ਨਵਾਬ ਸਿਰਾਜ਼-ਉਦ-ਦੌਲਾ ਵਿਚਕਾਰ 23 ਜੂਨ 1757 ਈ. ਨੂੰ ਲੜੀ ਗਈ। ਮੀਰ ਜਾਫ਼ਰ ਅਤੇ ਰਾਏ ਦੁਰਲੱਭ ਨੇ ਲੜਾਈ ਵਿੱਚ ਹਿੱਸਾ ਨਾ ਲਿਆ ਕਿਉਂਕਿ ਇਹਨਾਂ ਦੇਸ਼ ਧਰੋਹੀਆਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਨਵਾਬ ਵਿਰੁੱਧ ਗੱਠਜੋੜ ਕੀਤਾ ਹੋਇਆ ਸੀ। ਨਵਾਬ ਲੜਾਈ ਵਿੱਚ ਹਾਰ ਗਿਆ। ਅੰਗਰੇਜ਼ਾਂ ਨੇ ਉਸ ਨੂੰ ਕੈਦੀ ਬਣਾ ਲਿਆ ਅਤੇ ਬਾਅਦ ਵਿੱਚ ਮਾਰ ਦਿੱਤਾ। ਇਸ ਕਰਕੇ ਲਾਰਡ ਕਲਾਈਵ ਨੇ ਮੀਰ ਜਾਫ਼ਰ ਨੂੰ ਬੰਗਾਲ ਦੀ ਰਾਜਗੱਦੀ ਉੱਤੇ ਬਿਠਾ ਦਿੱਤਾ। ਰਾਜ ਦੀ ਵਾਸਤਵਿਕ ਸ਼ਕਤੀ ਅੰਗਰੇਜ਼ਾਂ ਦੇ ਹੱਥ ਵਿੱਚ ਆ ਗਈ।

**20. ਬੰਗਾਲ ਵਿਚ ਦੋਹਰੀ ਸ਼ਾਸ਼ਨ ਪ੍ਰਣਾਲੀ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ- ਪਲਾਸੀ ਅਤੇ ਬਕਸਰ ਦੀਆ ਜਿੱਤਾਂ ਪਿੱਛੋਂ ਈਸਟ ਇੰਡੀਆ ਕੰਪਨੀ ਬੰਗਾਲ ਦੀ ਅਸਲੀ ਸ਼ਾਸਕ ਬਣ ਗਈ। ਸੈਨਿਕ ਅਤੇ ਮਾਲੀਆ ਪ੍ਰਬੰਧ ਵੀ ਕੰਪਨੀ ਦੇ ਅਧਿਕਾਰ ਹੇਠ ਆ ਗਿਆ। ਕੰਪਨੀ ਦੁਆਰਾ ਨਵਾਬ ਨੂੰ ਸਿਵਲ ਸ਼ਾਸਨ ਪ੍ਰਬੰਧ ਚਲਾਉਣ ਦੀ

ਜ਼ਿੰਮੇਵਾਰੀ ਦਿੱਤੀ ਗਈ। ਉਹਨਾਂ ਨੇ ਮੁਹੰਮਦ ਰਜ਼ਾ ਖਾਂ ਅਤੇ ਸ਼ਿਤਬ ਰਾਏ ਨਾਮੀ ਦੋ ਡਿਪਟੀ ਨਵਾਬ ਨਿਯੁੱਕਤ ਕਰ ਦਿੱਤੇ। ਇਸ ਨੂੰ ਦੋਹਰੀ ਸ਼ਾਸਨ ਪ੍ਰਣਾਲੀ ਕਿਹਾ ਜਾਂਦਾ ਹੈ।

**21. ਲੈਪਸ ਦੀ ਨੀਤੀ ਕੀ ਸੀ?**

ਉੱਤਰ-ਲਾਰਡ ਡਲਹੌਜ਼ੀ ਨੇ ਭਾਰਤੀ ਰਿਆਸਤਾਂ ਨੂੰ ਅੰਗਰੇਜ਼ੀ ਸਾਮਰਾਜ ਵਿਚ ਮਿਲਾਉਣ ਲਈ 'ਲੈਪਸ ਦੀ ਨੀਤੀ' ਅਪਣਾਈ। ਇਸ ਨੀਤੀ ਅਨੁਸਾਰ ਜਿਹੜੇ ਭਾਰਤੀ ਸ਼ਾਸਕਾਂ ਦੀ ਆਪਣੀ ਕੋਈ ਸੰਤਾਨ ਨਹੀਂ ਸੀ, ਉਹਨਾਂ ਨੂੰ ਪੁੱਤਰ ਗੋਦ ਲੈਣ ਦੀ ਆਗਿਆ ਨਹੀਂ ਦਿੱਤੀ ਜਾਂਦੀ ਸੀ। ਮੌਤ ਪਿਛੋਂ ਉਸ ਦੇ ਰਾਜ ਨੂੰ ਅੰਗਰੇਜ਼ੀ ਸਾਮਰਾਜ ਵਿਚ ਸ਼ਾਮਿਲ ਕਰ ਲਿਆ ਜਾਂਦਾ ਸੀ। ਲਾਰਡ ਡਲਹੌਜ਼ੀ ਨੇ ਇਸ ਨੀਤੀ ਅਧੀਨ ਸਤਾਰਾ, ਸੰਭਲਪੁਰ, ਉਦੈਪੁਰ ਅਤੇ ਝਾਂਸੀ ਆਦਿ ਕਈ ਰਿਆਸਤਾਂ ਨੂੰ ਅੰਗਰੇਜ਼ੀ ਸਾਮਰਾਜ ਵਿਚ ਸ਼ਾਮਿਲ ਕਰ ਲਿਆ।

**22.ਆਧੁਨਿਕ ਸਿੱਖਿਆ ਪ੍ਰਣਾਲੀ ਦੇ ਖੇਤਰ ਵਿੱਚ ਹੇਠ ਲਿਖੇ ਵਿਦਵਾਨਾਂ ਦੇ ਯੋਗਦਾਨ ਬਾਰੇ ਲਿਖੋ।**

ਉਤਰ:- **1.ਰਾਜਾ ਰਾਮ ਮੋਹਨ ਰਾਏ-** ਰਾਜਾ ਰਾਮ ਰਾਏ ਨੇ ਸਿੱਖਿਆ ਦੇ ਵਿਕਾਸ ਲਈ ਕਈ ਯਤਨ ਕੀਤੇ। ਉਹ ਭਾਰਤੀਆਂ ਨੂੰ ਪੱਛਮੀ ਸਿੱਖਿਆ ਦੇਣ ਦੇ ਹੱਕ ਵਿੱਚ ਸਨ। ਉਹ ਬੰਗਾਲੀ, ਫਾਰਸੀ, ਸੰਸਕ੍ਰਿਤ, ਉਰਦੂ, ਅੰਗਰੇਜ਼ੀ ਤੇ ਗ੍ਰੀਕ ਭਾਸ਼ਾਵਾਂ ਦੇ ਵਿਦਵਾਨ ਸਨ। ਉਹਨਾਂ ਨੇ ਦੋ ਸਮਾਚਾਰ ਪੱਤਰ ਕੱਢੇ ਅਤੇ ਵਿਆਕਰਣ, ਭੂਗੋਲ, ਖਗੋਲ-ਵਿਗਿਆਨ, ਬੀਜ ਗਣਿਤ ਆਦਿ ਵਿਸ਼ਿਆਂ ਦੀਆਂ ਬੰਗਾਲੀ ਭਾਸ਼ਾ ਵਿੱਚ ਪੁਸਤਕਾਂ ਲਿਖੀਆਂ। ਉਹਨਾਂ ਨੇ ਸਿੱਖਿਆ ਦਾ ਵਿਕਾਸ ਲਈ ਕਈ ਸਿੱਖਿਆ ਸੰਸਥਾਵਾਂ ਖੋਲ੍ਹੀਆਂ। ਉਹਨਾਂ ਨੇ ਆਪ ਖਰਚ ਕਰਕੇ ਕੱਲਕੱਤਾ ਵਿਖੇ ਇੱਕ ਅੰਗਰੇਜ਼ੀ ਸਕੂਲ ਅਤੇ ਵੇਦਾਂਤ ਕਾਲਜ ਸਥਾਪਿਤ ਕੀਤਾ।

**2.ਸਵਾਮੀ ਦਯਾਨੰਦ ਸਰਸਵਤੀ-** ਸਿੱਖਿਆ ਦਾ ਵਿਕਾਸ ਲਈ ਕਈ ਸਵਾਮੀ ਦਯਾਨੰਦ ਸਰਸਵਤੀ ਜੀ ਸੰਸਕ੍ਰਿਤ, ਵੈਦਿਕ ਸਿੱਖਿਆ ਦੇਣ ਦੇ ਨਾਲ-ਨਾਲ ਪੱਛਮੀ ਸਿੱਖਿਆ ਦੇਣ ਦੇ ਹੱਕ ਵਿੱਚ ਵੀ ਸਨ। ਉਹਨਾਂ ਨੇ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿੱਚ ਬਹੁਤ ਸਾਰੇ ਸਕੂਲਾਂ, ਕਾਲਜਾਂ ਅਤੇ ਗੁਰੂਕੁਲਾਂ ਦੀ ਸਥਾਪਨਾ ਕੀਤੀ । 1886 ਈ. ਵਿੱਚ ਦਯਾਨੰਦ ਸਰਸਵਤੀ ਦੀ ਮੌਤ ਪਿੱਛੋਂ ਉਹਨਾਂ ਦੀ ਯਾਦ ਵਿੱਚ ਦਯਾਨੰਦ ਸਰਸਵਤੀ ਸਕੂਲ ਖੋਲ੍ਹਿਆ ਗਿਆ। ਇਸ ਤੋਂ ਬਾਅਦ 1889 ਈ. ਵਿੱਚ ਇਸ ਸਕੂਲ ਦੇ ਨਾਲ ਦਯਾਨੰਦ-ਐਂਗਲੋ-ਵੈਦਿਕ ਕਾਲਜ ਵੀ ਖੋਲ੍ਹਿਆ ਗਿਆ।

**3) ਸਵਾਮੀ ਵਿਵੇਕਾਨੰਦ-** ਸਵਾਮੀ ਵਿਵੇਕਾਨੰਦ ਜੀ ਨੇ ਰਾਮਾ ਕ੍ਰਿਸ਼ਨ ਮਿਸ਼ਨ ਦੀ ਸਥਾਪਨਾ ਕੀਤੀ। ਉਹਨਾਂ ਅਨੁਸਾਰ ਧਰਮ ਦੁਆਰਾ ਹੀ ਸਮਾਜ ਦਾ ਸੁਧਾਰ ਹੋ ਸਕਦਾ ਹੈ। ਇਸ ਮਿਸ਼ਨ ਨੇ ਸਮਾਜ ਦਾ ਸੁਧਾਰ ਕਰਨ ਲਈ ਅਨੇਕਾਂ ਸਕੂਲ, ਕਾਲਜ, ਲਾਇਬ੍ਰੇਰੀਆਂ, ਹਸਪਤਾਲ ਅਤੇ ਯਤੀਮਖਾਨੇ ਸਥਾਪਿਤ ਕੀਤੇ।

**4) ਈਸ਼ਵਰ ਚੰਦਰ ਵਿਦਿਆਸਾਗਰ-** ਈਸ਼ਵਰ ਚੰਦਰ ਵਿਦਿਆ ਸਾਗਰ ਇੱਕ ਪ੍ਰਸਿੱਧ ਵਿਦਵਾਨ ਸੀ। ਉਹਨਾਂ ਨੇ ਬੰਗਾਲੀ ਭਾਸ਼ਾ ਵਿੱਚ 'ਪ੍ਰੀਮੀਅਰ ਵਰਨਾ ਪ੍ਰੀਚਿਆ' ਨਾਂ ਦੀ ਪੁਸਤਕ ਲਿਖੀ ਜਿਸ ਵਿੱਚ ਭਾਸ਼ਾ ਸਿੱਖਣਾ ਆਸਾਨ ਬਣਾਇਆ ਗਿਆ, ਜੋ ਕਿ ਅੱਜਕਲ੍ਹ ਵੀ ਪ੍ਰਚਲਿਤ ਹੈ। ਉਸਨੇ ਲੜਕੀਆਂ ਦੀ ਸਿੱਖਿਆ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ ਸੀ।

**23. ਸੱਤਿਆਗ੍ਰਹਿ ਅੰਦੋਲਨ ਤੋਂ ਕੀ ਭਾਵ ਹੈ?**

ਉੱਤਰ- ਸੱਤਿਆਗ੍ਰਹਿ ਅੰਦੋਲਨ ਤੋਂ ਭਾਵ ਹੈ — ਸੱਚਾਈ ਅਤੇ ਅਹਿੰਸਾ 'ਤੇ ਆਧਾਰਿਤ ਸੰਘਰਸ਼ । ਇਸ ਅੰਦੋਲਨ ਦਾ ਮੁੱਖ ਉਦੇਸ਼ ਸੀ ਬ੍ਰਿਟਿਸ਼ ਸਰਕਾਰ ਦੇ ਅਨਿਆਂਇਕ ਕਾਨੂੰਨਾਂ ਦਾ ਅਹਿੰਸਕ ਤਰੀਕੇ ਨਾਲ ਵਿਰੋਧ ਕਰਨਾ। ਇਸ ਵਿੱਚ ਲੋਕਾਂ ਨੇ ਧਰਨੇ, ਹੜਤਾਲਾਂ, ਆਦਿ ਰਾਹੀਂ ਆਪਣੇ ਹੱਕਾਂ ਦੀ ਮੰਗ ਕੀਤੀ ਸੀ ਅਤੇ ਕਿਸੇ ਵੀ ਤਰ੍ਹਾਂ ਦੀ ਹਿੰਸਾ ਨਹੀਂ ਕੀਤੀ। 1919 ਈ. ਦੇ ਰੋਲਟ ਐਕਟ ਦਾ ਵਿਰੋਧ ਕਰਨ ਲਈ ਮਹਾਤਮਾ ਗਾਂਧੀ ਜੀ ਦੀ ਅਗਵਾਈ ਹੇਠ ਸੱਤਿਆਗ੍ਰਹਿ ਅੰਦੋਲਨ ਸ਼ੁਰੂ ਕੀਤਾ ਗਿਆ।

**24. ਸਾਈਮਨ ਕਮਿਸ਼ਨ ਬਾਰੇ ਤੁਸੀਂ ਕੀ ਜਾਣਦੇ ਹੋ?**

ਉੱਤਰ-ਅੰਗਰੇਜ਼ੀ ਸਰਕਾਰ ਨੇ 1919 ਈ. ਦੇ ਸੁਧਾਰ ਐਕਟ ਦਾ ਜਾਇਜਾ ਲੈਣ ਲਈ 1928 ਈ. ਵਿੱਚ ਸਾਈਮਨ ਕਮਿਸ਼ਨ ਭਾਰਤ ਵਿੱਚ ਭੇਜਿਆ, ਜਿਸ ਦੇ 7 ਮੈਂਬਰ ਅੰਗਰੇਜ਼ ਹੀ ਸਨ। ਇਸ ਲਈ ਇਸ ਕਮਿਸ਼ਨ ਦਾ ਵਿਰੋਧ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਕਾਲੀਆਂ ਝੰਡੀਆਂ ਨਾਲ ਅਤੇ "ਸਾਈਮਨ ਵਾਪਸ ਜਾਉ" ਦੇ ਨਾਅਰਿਆਂ ਨਾਲ ਕੀਤਾ ਗਿਆ। ਪੁਲਿਸ ਨੇ ਇਹਨਾਂ ਅੰਦੋਲਨ ਕਰਨ ਵਾਲੇ ਲੋਕਾਂ ਤੇ ਲਾਠੀਚਾਰਜ ਕੀਤਾ। ਸਿੱਟੇ ਵਜੋਂ ਲਾਲਾ ਲਾਜਪਤ ਰਾਏ ਜ਼ਖਮੀ ਹੋ ਗਏ ਅਤੇ ਉਹਨਾਂ ਦੀ ਮੌਤ ਹੋ ਗਈ।

**25. ਭਾਰਤ ਛੱਡੋ ਅੰਦੋਲਨ ਕੀ ਹੈ?**

ਉੱਤਰ-ਦੂਜੇ ਵਿਸ਼ਵ ਯੁੱਧ ਪਿੱਛੋਂ 8 ਅਗਸਤ 1942 ਈ. ਨੂੰ ਗਾਂਧੀ ਜੀ ਨੇ ਭਾਰਤ ਛੱਡੋ ਅੰਦੋਲਨ ਸ਼ੁਰੂ ਕੀਤਾ। ਅੰਗਰੇਜ਼ ਸਰਕਾਰ ਨੇ 9 ਅਗਸਤ, 1942 ਨੂੰ ਗਾਂਧੀ ਜੀ ਅਤੇ ਕਾਂਗਰਸ ਦੇ ਹੋਰ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਖਬਰ ਸੁਣ ਕੇ ਗੁੱਸੇ ਵਿੱਚ ਆ ਕੇ ਲੋਕਾਂ

ਨੇ ਥਾਂ-ਥਾਂ ਤੇ ਪੁਲਿਸ ਥਾਣਿਆਂ, ਸਰਕਾਰੀ ਭਵਨਾਂ, ਡਾਕਖਾਨਿਆਂ ਅਤੇ ਰੇਲਵੇ ਸਟੇਸ਼ਨਾਂ ਆਦਿ ਨੂੰ ਨੁਕਸਾਨ ਪਹੁੰਚਾਇਆ। ਪਰੰਤੂ ਅੰਗਰੇਜ਼ੀ ਸਰਕਾਰ ਅੰਦੋਲਨਕਾਰੀਆਂ ਨੂੰ ਦਬਾਉਣ ਵਿੱਚ ਸਫਲ ਨਾ ਹੋ ਸਕੀ।

**26. ਆਜ਼ਾਦ ਹਿੰਦ ਫੌਜ 'ਤੇ ਨੋਟ ਲਿਖੋ।**

ਉੱਤਰ- ਸੁਭਾਸ਼ ਚੰਦਰ ਬੋਸ ਰਾਸ਼ਟਰੀ ਅੰਦੋਲਨ ਦਾ ਇੱਕ ਹੋਰ ਪ੍ਰਸਿੱਧ ਨੇਤਾ ਸੀ। ਉਸ ਨੇ ਭਾਰਤ ਨੂੰ ਅੰਗਰੇਜ਼ਾਂ ਕੋਲੋਂ ਆਜ਼ਾਦ ਕਰਾਉਣ ਲਈ ਇੱਕ ਆਜ਼ਾਦ ਹਿੰਦ ਫੌਜ਼ ਦੀ ਸਥਾਪਨਾ ਕੀਤੀ। ਇਸ ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਜਾਪਾਨ ਦੁਆਰਾ ਕੈਦ ਕੀਤੇ ਗਏ ਭਾਰਤੀ ਸੈਨਿਕ ਸ਼ਾਮਿਲ ਸਨ। ਪਰੰਤੂ 1943 ਈ. ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਜਾਪਾਨ ਦੀ ਹਾਰ ਹੋ ਗਈ। ਇਸ ਕਰਕੇ ਆਜ਼ਾਦ ਹਿੰਦ ਫੌਜ ਭਾਰਤ ਨੂੰ ਆਜ਼ਾਦ ਕਰਾਉਣ ਵਿੱਚ ਅਸਫ਼ਲ ਰਹੀ। ਇਸ ਦੇ ਨੇਤਾ ਸੁਭਾਸ਼ ਚੰਦਰ ਬੋਸ ਦੀ 1945 ਈ. ਵਿੱਚ ਇਕ ਹਵਾਈ ਜਹਾਜ਼ ਦੁਰਘਟਨਾ ਵਿੱਚ ਮੌਤ ਹੋ ਗਈ। ਅੰਗਰੇਜ਼ਾਂ ਨੇ ਆਜ਼ਾਦ ਹਿੰਦ ਫੌਜ ਦੇ ਸੈਨਿਕਾਂ ਨੂੰ ਕੈਦ ਕਰ ਲਿਆ। ਭਾਰਤੀ ਲੋਕਾਂ ਨੇ ਸਾਰੇ ਦੇਸ਼ ਵਿੱਚ ਹੜਤਾਲਾਂ ਕੀਤੀਆਂ ਅਤੇ ਜਲਸੇ ਕੀਤੇ। ਅੰਤ ਵਿੱਚ ਅੰਗਰੇਜ਼ਾਂ ਨੇ ਆਜ਼ਾਦ ਹਿੰਦ ਫੌਜ ਦੇ ਸਾਰੇ ਸੈਨਿਕਾਂ ਨੂੰ ਛੱਡ ਦਿੱਤਾ।

**27. ਗੁੱਟ-ਨਿਰਲੇਪ ਤੇ ਨੋਟ ਲਿਖੋ?**

ਉੱਤਰ- ਦੂਜੇ ਵਿਸ਼ਵ ਯੁੱਧ ਤੋਂ ਜਲਦੀ ਪਿੱਛੋਂ ਸੰਸਾਰ ਦੇ ਦੇਸ਼ ਇੱਕ ਦੂਜੇ ਦਾ ਵਿਰੋਧ ਕਰਨ ਦੇ ਅਧਾਰ 'ਤੇ ਦੋ ਗੁੱਟਾਂ ਪੱਛਮੀ ਬਲਾਕ (ਜਿਸ ਦਾ ਨੇਤਾ ਅਮਰੀਕਾ ਸੀ) ਅਤੇ ਪੂਰਬੀ ਬਲਾਕ (ਜਿਸ ਦਾ ਨੇਤਾ ਰੂਸ ਸੀ) ਵਿੱਚ ਵੰਡੇ ਗਏ । ਦੋਹਾਂ ਗੁੱਟਾਂ ਵਿਚਕਾਰ ਭਿਆਨਕ ਸ਼ੀਤ ਯੁੱਧ ਹੋਇਆ। ਭਾਰਤ ਕਿਸੇ ਵੀ ਸ਼ਕਤੀ ਗੁੱਟ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦਾ ਸੀ। ਇਸ ਲਈ ਭਾਰਤ ਨੇ ਦੂਜੇ ਦੇਸ਼ਾਂ ਨਾਲ ਮਿਲਕੇ ਗੁੱਟ-ਨਿਰਲੇਪ ਲਹਿਰ ਸ਼ੁਰੂ ਕੀਤੀ, ਜਿਸ ਦੇ ਪਿਤਾਮਾ ਪੰਡਿਤ ਜਵਾਹਰ ਲਾਲ ਨਹਿਰੂ, ਯੋਗੋਸਲਾਵੀਆ ਦੇ ਰਾਸ਼ਟਰਪਤੀ ਟੀਟੋ ਅਤੇ ਮਿਸਰ ਦੇ ਰਾਸ਼ਟਰਪਤੀ ਨਾਸਰ ਸਨ। ਗੁੱਟ-ਨਿਰਲੇਪ ਲਹਿਰ 1961 ਈ. ਵਿੱਚ ਸ਼ੁਰੂ ਕੀਤੀ ਗਈ। ਇਹ ਪੰਚਸ਼ੀਲ ਸਿਧਾਂਤਾਂ 'ਤੇ ਅਧਾਰਿਤ ਸੀ। ਇਸ ਦੇ ਸਾਰੇ ਮੈਂਬਰ ਕਿਸੇ ਵੀ ਸ਼ਕਤੀ ਗੁੱਟ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਸਨ। ਇਸ ਦੀ ਪਹਿਲੀ ਕਾਨਫਰੰਸ 1961 ਈ. ਵਿੱਚ ਬੈੱਲਗ੍ਰੇਡ ਵਿੱਚ ਹੋਈ । ਸ਼ੁਰੂ ਵਿੱਚ ਇਸ ਦੇ 25 ਦੇਸ਼ ਮੈਂਬਰ ਸਨ। ਹੁਣ 100 ਤੋਂ ਵੱਧ ਦੇਸ਼ ਇਸ ਦੇ ਮੈਂਬਰ ਹਨ।

**28. ਵਿਦੇਸ਼ ਨੀਤੀ ਬਾਰੇ ਤੁਹਾਡਾ ਕੀ ਭਾਵ ਹੈ?**

ਉੱਤਰ-ਭਾਰਤ ਨੇ ਆਜ਼ਾਦੀ ਪ੍ਰਾਪਤ ਕਰਨ ਤੋਂ ਪਿੱਛੋਂ ਸ਼ਾਂਤਮਈ ਸਹਿਹੋਂਦ ਸਿਧਾਂਤ 'ਤੇ ਅਧਾਰਿਤ ਅਨੋਖੀ ਵਿਦੇਸ਼ੀ ਨੀਤੀ ਅਪਣਾਈ ਹੈ। ਭਾਰਤ ਸਾਰੇ ਸੰਸਾਰ ਦੇ ਦੇਸ਼ਾਂ ਦੀ ਪ੍ਰਭੂਸੱਤਾ ਅਤੇ ਸੁਤੰਤਰਤਾ ਦਾ ਸਤਿਕਾਰ ਕਰਦਾ ਹੈ। ਭਾਰਤ ਇਸ ਗੱਲ ਵਿੱਚ ਵਿਸ਼ਵਾਸ ਕਰਦਾ ਹੈ ਕਿ ਸਾਰੇ ਧਰਮਾਂ, ਰਾਸ਼ਟਰਾਂ ਅਤੇ ਜਾਤੀਆਂ ਦੇ ਲੋਕ ਬਰਾਬਰ ਹਨ। ਇਹ ਦੇਸ਼ ਉਹਨਾਂ ਦੇ ਦੇਸ਼ਾਂ ਦੇ ਵਿਰੁੱਧ ਸੀ, ਜਿਨ੍ਹਾਂ ਦੀ ਸਰਕਾਰ ਰੰਗ, ਜਾਤੀ ਜਾਂ ਸ਼੍ਰੇਣੀ ਦੇ ਅਧਾਰ ਤੇ ਲੋਕਾਂ ਨਾਲ ਵਿਤਕਰਾ ਕਰਦੀ ਸੀ। ਭਾਰਤ ਇਸ ਗੱਲ ਵਿੱਚ ਵੀ ਵਿਸ਼ਵਾਸ ਕਰਦਾ ਹੈ ਕਿ ਸਾਰੇ ਅੰਤਰ-ਰਾਸ਼ਟਰੀ ਝਗੜਿਆਂ ਦਾ ਨਿਪਟਾਰਾ ਸ਼ਾਂਤਮਈ ਢੰਗਾਂ ਨਾਲ ਕੀਤਾ ਜਾ ਸਕਦਾ ਹੈ।

**29. ਸੰਪ੍ਰਦਾਇਕਤਾ 'ਤੇ ਨੋਟ ਲਿਖੋ।**

ਉੱਤਰ- ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ। ਇੱਥੇ ਸਾਰੇ ਧਰਮਾਂ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਦੇ ਅਲੱਗ-ਅਲੱਗ ਧਾਰਮਿਕ ਵਿਸ਼ਵਾਸ ਹਨ। ਇਹਨਾਂ ਲੋਕਾਂ ਨੇ ਫਿਰਕੂ ਦੰਗੇ ਫਸਾਦ ਉਤਪੰਨ ਕੀਤੇ ਹਨ। ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਸਰਕਾਰ ਨੂੰ ਕੁੱਝ ਘੱਟ ਗਿਣਤੀ ਵਾਲੇ ਲੋਕਾਂ ਵੱਲ ਧਿਆਨ ਦੇਣ ਦੀ ਲੋੜ ਹੈ।

**30. ਭਾਰਤ ਅਤੇ ਪਾਕਿਸਤਾਨ ਦੇ ਸੰਬੰਧਾਂ ਦਾ ਸੰਖੇਪ ਵਰਣਨ ਕਰੋ?**

ਉੱਤਰ- ਪਾਕਿਸਤਾਨ ਸਾਡੇ ਭਾਰਤ ਦੇ ਗੁਆਂਢੀ ਦੇਸ਼ਾਂ ਵਿੱਚੋਂ ਇੱਕ ਹੈ। ਭਾਰਤ ਇਸ ਨਾਲ ਆਪਣੇ ਮਿੱਤਰਤਾਪੂਰਨ ਸੰਬੰਧ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਦੇਸੀ ਰਿਆਸਤ ਕਸ਼ਮੀਰ ਦਾ ਭਾਰਤ ਨਾਲ ਏਕੀਕਰਣ ਕਰਨ ਨੂੰ ਪਾਕਿਸਤਾਨ ਦੁਆਰਾ ਮਾਨਤਾ ਨਹੀਂ ਦਿੱਤੀ ਗਈ ਸੀ। ਕਸ਼ਮੀਰ ਮਸਲੇ ਕਾਰਨ ਭਾਰਤ ਨੇ ਪਾਕਿਸਤਾਨ ਨਾਲ ਤਿੰਨ ਪ੍ਰਮੁੱਖ ਅਤੇ ਕਈ ਛੋਟੇ-ਮੋਟੇ ਯੁੱਧ ਲੜੇ ਹਨ। 1971 ਈ. ਵਿੱਚ ਭਾਰਤ-ਪਾਕਿਸਤਾਨ ਯੁੱਧ ਤੋਂ ਬਾਅਦ 1972 ਵਿੱਚ ਦੋਹਾਂ ਦੇਸ਼ਾਂ ਵਿਚਕਾਰ ਸ਼ਿਮਲਾ ਸਮਝੌਤਾ ਵੀ ਹੋਇਆ ਸੀ ਜਿਸ ਦਾ ਉਦੇਸ਼ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਾਰੇ ਝਗੜਿਆਂ ਦਾ ਸ਼ਾਂਤੀਪੂਰਵਕ ਹੱਲ ਕਰਨਾ ਸੀ। ਹੁਣ ਤੋਂ ਥੋੜ੍ਹੇ ਸਾਲ ਪਹਿਲਾਂ ਹੀ ਦੋਹਾਂ ਦੇਸ਼ਾਂ ਵਿੱਚਕਾਰ ਬੱਸ ਅਤੇ ਰੇਲ ਸਰਵਿਸ ਸ਼ੁਰੂ ਕੀਤੀ ਗਈ ਹੈ। ਇਸ ਸਰਵਿਸ ਦੁਆਰਾ ਦੋਹਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਦੋਸਤਾਨਾ ਸੰਬੰਧ ਕਾਇਮ ਹੋਏ ਹਨ।

**31. ਸੰਵਿਧਾਨ 26 ਜਨਵਰੀ 1950 ਤੋਂ ਕਿਉਂ ਲਾਗੂ ਕੀਤਾ ਗਿਆ?**

ਉੱਤਰ- 31 ਦਸੰਬਰ, 1929 ਨੂੰ ਰਾਵੀ ਦੇ ਕੰਢੇ 'ਤੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਿੱਚ ਪਹਿਲੀ ਵਾਰ ਕਾਂਗਰਸ ਨੇ ਪੂਰਨ ਸਵਰਾਜ ਦਾ ਮਤਾ ਪਾਸ ਕੀਤਾ ਅਤੇ ਘੋਸ਼ਣਾ ਕੀਤੀ ਕਿ 26 ਜਨਵਰੀ, 1930 ਦਾ ਦਿਹਾੜਾ ਸਾਰੇ ਭਾਰਤ ਵਿੱਚ ਸੁਤੰਤਰਤਾ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇਗਾ। ਇਸ ਤੋਂ ਬਾਅਦ ਹਰ ਸਾਲ 26 ਜਨਵਰੀ, 1930 ਦਾ ਦਿਨ ਭਾਰਤ ਵਿੱਚ ਸੁਤੰਤਰਤਾ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ ਸੀ। ਇਸ ਦਿਨ ਦੀ ਇਤਿਹਾਸਿਕ ਮਹੱਤਤਾ ਨੂੰ ਕਾਇਮ ਰੱਖਣ ਲਈ ਸੰਵਿਧਾਨ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ।

**32.ਸੰਵਿਧਾਨ ਦੀ ਸਰਵਉੱਚਤਾ ਤੋਂ ਕੀ ਭਾਵ ਹੈ?**

ਉੱਤਰ - ਸੰਵਿਧਾਨ ਨੂੰ ਸਰਵਉੱਚ ਮੰਨਿਆ ਜਾਂਦਾ ਹੈ। ਸਾਡੀ ਸਰਕਾਰ ਵਿਚ ਅਹਿਮ ਅਹੁਦਿਆਂ 'ਤੇ ਨਿਯੁਕਤੀ ਤੋਂ ਪਹਿਲਾਂ ਸੰਵਿਧਾਨ ਦੀ ਸਰਵ-ਉੱਚਤਾ ਅਤੇ ਸੰਵਿਧਾਨ ਨੂੰ ਮੰਨਣ ਦੀ ਸਹੁੰ ਚੁਕਾਈ ਜਾਂਦੀ ਹੈ। ਇਸੇ ਤਰ੍ਹਾਂ ਸੰਵਿਧਾਨ ਅਨੁਸਾਰ ਹੀ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਕੰਮ ਕਰਦੀਆਂ ਹਨ। ਕਾਨੂੰਨ ਦੀ ਪੈਰਵੀ ਲਈ ਨਿਆਂਪਾਲਿਕਾ ਦਾ ਗਠਨ ਕੀਤਾ ਗਿਆ। ਨਿਆਂਪਾਲਿਕਾ ਨੂੰ ਆਜ਼ਾਦ ਅਤੇ ਨਿਰਪੱਖ ਬਣਾਇਆ ਗਿਆ। ਜੇਕਰ ਕੋਈ ਸੰਸਥਾ ਸੰਵਿਧਾਨ ਅਨੁਸਾਰ ਕੰਮ ਨਹੀਂ ਕਰਦੀ ਤਾ ਉਸਨੂੰ ਗੈਰ-ਸੰਵਿਧਾਨਿਕ ਘੋਸ਼ਿਤ ਕੀਤਾ ਜਾਂਦਾ ਹੈ।

**33. ਭਾਰਤੀ ਸੰਵਿਧਾਨ ਦਾ ਨਿਰਮਾਣ ਕਿਵੇ ਹੋਇਆ?**

ਉੱਤਰ- ਸੰਵਿਧਾਨ ਨੂੰ ਨਿਯਮਿਤ ਰੂਪ ਦੇਣ ਲਈ ਡਾ. ਬੀ. ਆਰ. ਅੰਬੇਦਕਰ ਦੀ ਪ੍ਰਧਾਨਗੀ ਹੇਠ ਇੱਕ 7 ਮੈਂਬਰੀ ਕਮੇਟੀ ਬਣਾਈ ਗਈ। ਇਸ ਮਸੌਦਾ ਕਮੇਟੀ ਨੇ ਵੱਖ ਵੱਖ ਦੇਸ਼ਾਂ ਦੇ ਸੰਵਿਧਾਨਾਂ ਦਾ ਅਧਿਐਨ ਕੀਤਾ। ਬਹੁਤ ਸਾਰੇ ਸਿਧਾਂਤ ਦੂਜੇ ਦੇਸ਼ਾਂ ਦੇ ਸੰਵਿਧਾਨਾ ਤੋਂ ਲਏ ਗਏ। ਇਸ ਸੰਵਿਧਾਨ ਸਭਾ ਦੇ ਕੁੱਲ ਗਿਆਰਾਂ ਸਮਾਗਮ ਹੋਏ। ਸੰਵਿਧਾਨ 2 ਸਾਲ 11 ਮਹੀਨੇ ਅਤੇ 18 ਦਿਨਾਂ ਵਿੱਚ ਤਿਆਰ ਕੀਤਾ ਗਿਆ।

**34. ਭਾਰਤ 'ਚ ਨਿਆਂਪਾਲਿਕਾ ਨੂੰ ਸੁਤੰਤਰ ਤੇ ਨਿਰਪੱਖ ਕਿਵੇਂ ਬਣਾਇਆ ਗਿਆ ਹੈ?**

ਉੱਤਰ- ਨਿਆਂਪਾਲਿਕਾ ਨੂੰ ਨਿਰਪੱਖ ਅਤੇ ਆਜ਼ਾਦ ਬਣਾਉਣ ਲਈ ਸੰਵਿਧਾਨ ਰਾਹੀਂ ਕਈ ਕਦਮ ਚੁੱਕੇ ਗਏ ਹਨ। ਮਿਸਾਲ ਵਜੋਂ ਜੱਜਾਂ ਦੀ ਨਿਯੁਕਤੀ, ਤਨਖਾਹ, ਭੱਤੇ, ਕਾਰਜਕਾਲ ਆਦਿ ਬਾਕੀ ਕਰਮਚਾਰੀਆਂ ਤੋਂ ਵੱਖ ਕੀਤੇ ਗਏ ਹਨ।

**35. ਗਾਂਧੀ ਜੀ ਨੇ ਅੰਗਰੇਜ਼ਾਂ ਖ਼ਿਲਾਫ ਕਿਹੜੇ-ਕਿਹੜੇ ਅੰਦੋਲਨ ਚਲਾਏ?**

ਉੱਤਰ-ਮਹਾਤਮਾ ਗਾਂਧੀ ਜੀ ਦੁਆਰਾ **1920** ਵਿੱਚ ਨਾ-ਮਿਲਵਰਤਨ ਅੰਦੋਲਨ, **1930** ਵਿੱਚ ਸਿਵਲ-ਨਾ-ਫੁਰਮਾਨੀ ਅਤੇ **1942** ਵਿੱਚ ਭਾਰਤ ਛੱਡੋ ਅੰਦੋਲਨ ਕੀਤੇ ਗਏ ਸਨ[ਇਸ ਤੋਂ ਪਹਿਲਾਂ 1905 ਈ. ਵਿੱਚ ਬੰਗਾਲ ਦੀ ਵੰਡ ਦੀ ਵਿਰੋਧਤਾ ਵੀ ਕੀਤੀ ਗਈ ਸੀ।

**36.ਸ਼ਰਾਬਬੰਦੀ ਤੋਂ ਕੀ ਭਾਵ ਹੈ ਅਤੇ ਇਸ ਨੂੰ ਕਿਵੇਂ ਲਾਗੂ ਕਰਨਾ ਚਾਹੀਦਾ ਹੈ?**

ਉੱਤਰ- ਸ਼ਰਾਬ ਬੰਦੀ ਤੋਂ ਭਾਵ ਸ਼ਰਾਬ ਵੇਚਣ ਅਤੇ ਪੀਣ ਤੇ ਕਾਨੂੰਨ ਅਨੁਸਾਰ ਮੁਕੰਮਲ ਪਾਬੰਦੀ ਤੋਂ ਹੈ। ਸ਼ਰਾਬਬੰਦੀ ਲਾਗੂ ਕਰਨ ਲਈ ਕਈ ਅੰਦੋਲਨ ਵੀ ਚਲਾਏ ਗਏ। ਸ਼ਰਾਬਬੰਦੀ ਨੂੰ ਕਾਨੂੰਨ ਬਣਾ ਕੇ ਲਾਗੂ ਕਰਨਾ ਚਾਹੀਦਾ ਹੈ।

37. **ਭਾਰਤ ਵਿੱਚ ਸੰਸਦੀ ਸ਼ਾਸਨ ਪ੍ਰਣਾਲੀ ਹੀ ਕਿਉਂ ਲਾਗੂ ਕੀਤੀ ਗਈ?**

ਉੱਤਰ- 1. **ਭਾਰਤੀ ਲੋਕਾਂ ਨੂੰ ਸੰਸਦੀ ਪ੍ਰਣਾਲੀ ਪ੍ਰਤੀ ਜਾਣਕਾਰੀ-** ਆਜ਼ਾਦੀ ਤੋਂ ਪਹਿਲਾਂ ਸਾਡੇ ਦੇਸ਼ ਵਿੱਚ 1861, 1892, 1919 ਅਤੇ 1935 ਦੇ ਐਕਟਾਂ ਦੁਆਰਾ ਸੰਸਦੀ ਸਰਕਾਰ ਲਾਗੂ ਕੀਤੀ ਗਈ ਸੀ। ਇਸ ਤਰ੍ਹਾਂ ਭਾਰਤੀ ਲੋਕਾਂ ਨੂੰ ਸੰਸਦੀ ਪ੍ਰਣਾਲੀ ਦੀ ਜਾਣਕਾਰੀ ਪਹਿਲਾਂ ਤੋਂ ਹੀ ਸੀ।

**2.ਸੰਵਿਧਾਨ ਸਭਾ ਦੇ ਮੈਂਬਰਾਂ ਦੁਆਰਾ ਸਮਰਥਨ**- ਭਾਰਤੀ ਸੰਵਿਧਾਨ ਨਿਰਮਾਤਾਵਾਂ ਨੇ ਵੀ ਸੰਸਦੀ ਸ਼ਾਸਨ ਦਾ ਸਮਰਥਨ ਕੀਤਾ। ਸੰਵਿਧਾਨਿਕ ਖਰੜਾ ਕਮੇਟੀ ਦੇ ਪ੍ਰਧਾਨ ਡਾ. ਬੀ.ਆਰ ਅੰਬੇਦਕਰ ਨੇ ਕਿਹਾ ਸੀ ਕਿ ਇਸ ਪ੍ਰਕਾਰ ਦੀ ਸਰਕਾਰ ਵਿੱਚ ਜ਼ਿੰਮੇਵਾਰੀ ਅਤੇ ਸਥਿਰਤਾ ਦੋਵੇਂ ਪਾਈਆਂ ਜਾਂਦੀਆਂ ਹਨ।

**3. ਇਹ ਪ੍ਰਣਾਲੀ ਜ਼ਿਮੇਵਾਰੀ ਉੱਤੇ ਅਧਾਰਿਤ**- ਭਾਰਤ ਸਦੀਆਂ ਤੋਂ ਗੁਲਾਮ ਰਿਹਾ ਹੈ। ਇਸ ਲਈ ਅਜਿਹੀ ਸਰਕਾਰ ਦੀ ਲੋੜ ਸੀ ਜਿਹੜੀ ਜ਼ਿੰਮੇਵਾਰੀ ਦੀ ਭਾਵਨਾ 'ਤੇ ਅਧਾਰਿਤ ਹੋਵੇ। ਇਸ ਲਈ ਸੰਸਦੀ ਪ੍ਰਣਾਲੀ ਲਾਗੂ ਕੀਤੀ।

**4. ਇਹ ਸਰਕਾਰ ਪਰਿਵਰਤਨਸ਼ੀਲ ਹੈ-** ਲੋਕ ਅਜਿਹੀ ਸਰਕਾਰ ਦੀ ਵਿਵਸਥਾ ਕਰਨੀ ਚਾਹੁੰਦੇ ਸਨ ਜੋ ਨਿਰਕੁੰਸ਼ ਨਾ ਬਣ ਸਕੇ। ਸੋ ਸੰਸਦੀ ਪ੍ਰਣਾਲੀ ਕਦੇ ਵੀ ਬਦਲੀ ਜਾ ਸਕਦੀ ਹੈ।

**5. ਅਸਲ ਰੂਪ ਵਿੱਚ ਲੋਕਤੰਤਰੀ ਸਰਕਾਰ**- ਸੰਸਦੀ ਸਰਕਾਰ ਅਸਲ ਵਿੱਚ ਲੋਕਤੰਤਰ ਨੂੰ ਸਥਾਪਿਤ ਕਰਦੀ ਹੈ। ਵਿਧਾਨ ਮੰਡਲ ਵਿੱਚ ਲੋਕਾਂ ਦੇ ਪ੍ਰਤੀਨਿਧ ਕਾਰਜਪਾਲਿਕਾ ਤੋਂ ਪ੍ਰਸ਼ਨ ਪੁੱਛ ਕੇ ਅਤੇ ਆਲੋਚਨਾ ਕਰਕੇ ਉਸ ਦੀਆਂ ਨੀਤੀਆਂ ਤੇ ਕੰਮਾਂ ਨੂੰ ਪ੍ਰਭਾਵਿਤ ਕਰਦੇ ਹਨ।

੩੮. **ਸੰਸਦੀ ਸਾਸ਼ਨ ਪ੍ਰਣਾਲੀ ਵਿੱਚ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੀ ਭੂਮਿਕਾ ਲਿਖੋ ।**

ਉੱਤਰ- ਸੰਸਦੀ ਸ਼ਾਸਨ ਪ੍ਰਣਾਲੀ ਵਿੱਚ ਦੋ ਤਰ੍ਹਾਂ ਦੀ ਕਾਰਜਪਾਲਿਕਾ ਹੁੰਦੀ ਹੈ- ਨਾਂ-ਮਾਤਰ ਦੀ ਕਾਰਜਪਾਲਿਕਾ (ਰਾਸ਼ਟਰਪਤੀ) ਅਤੇ ਅਸਲ ਕਾਰਜਪਾਲਿਕਾ(ਪ੍ਰਧਾਨਮੰਤਰੀ)। ਜਿਸ ਦਾ ਵਰਣਨ ਇਸ ਪ੍ਰਕਾਰ ਹੈ-

**1. ਰਾਸ਼ਟਰਪਤੀ** :- ਰਾਸ਼ਟਰਪਤੀ ਕੋਲ ਵਿਧਾਨਿਕ, ਕਾਰਜਪਾਲਿਕਾ ਅਤੇ ਨਿਆਇਕ ਸ਼ਕਤੀਆਂ ਹਨ ਪਰ ਉਹ ਅਸਲ ਵਿਚ ਉਨ੍ਹਾਂ ਸ਼ਕਤੀਆਂ ਦੀ ਵਰਤੋਂ ਉਹ ਆਪਣੀ ਇੱਛਾ ਅਨੁਸਾਰ ਨਹੀਂ ਕਰ ਸਕਦਾ । ਉਹ ਇਨ੍ਹਾਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਪ੍ਰਧਾਨ ਮੰਤਰੀ ਅਤੇ ਮੰਤਰੀ ਮੰਡਲ ਦੀ ਸਲਾਹ ਨਾਲ ਕਰਦਾ ਹੈ।

**2. ਪ੍ਰਧਾਨ ਮੰਤਰੀ** - ਪ੍ਰਧਾਨ ਮੰਤਰੀ, ਮੰਤਰੀ ਮੰਡਲ, ਮੰਤਰੀ ਪ੍ਰੀਸ਼ਦ ਅਤੇ ਲੋਕ ਸਭਾ ਦਾ ਮੁਖੀ ਹੁੰਦਾ ਹੈ । ਉਹ ਸਮੁੱਚੇ ਰਾਜ ਪ੍ਰਬੰਧ ਦਾ ਚਾਲਕ ਅਤੇ ਕੇਂਦਰੀ ਬਿੰਦੂ ਹੁੰਦਾ ਹੈ । ਅਸਲ ਸ਼ਕਤੀਆਂ ਦੀ ਵਰਤੋਂ ਪ੍ਰਧਾਨ ਮੰਤਰੀ ਹੀ ਕਰਦਾ ਹੈ । ਸਾਰੀਆਂ ਨੀਤੀਆਂ ਅਤੇ ਕਾਨੂੰਨ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਬਣਦੇ ਹਨ। ਪ੍ਰਧਾਨ ਮੰਤਰੀ ਮੰਤਰੀ ਮੰਡਲ ਦਾ ਨਿਰਮਾਤਾ ਹੈ। ਕੋਈ ਵੀ ਮੰਤਰੀ ਉਸ ਦੀ ਇੱਛਾ ਦੇ ਵਿਰੁੱਧ ਆਪਣੀ ਪਦਵੀ ‘ਤੇ ਨਹੀਂ ਰਹਿ ਸਕਦਾ ।

੩੯. **ਸੰਸਦ ਦੀ ਸਥਿਤੀ ਦੀ ਗਿਰਾਵਟ ਲਈ ਜ਼ਿੰਮੇਵਾਰ ਕਾਰਨ ਲਿਖੋ।**

ਉੱਤਰ- ਸੰਸਦ ਭਾਰਤ ਦੀ ਸਭ ਤੋਂ ਵੱਡੀ ਕਾਨੂੰਨ ਬਣਾਉਣ ਵਾਲੀ ਸੰਸਥਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੰਸਦ ਇੱਕ ਮਜ਼ਬੂਤ ਸੰਸਥਾ ਰਹੀ ਹੈ ਪ੍ਰੰਤੂ ਹੁਣ ਦਿਨੋ-ਦਿਨ ਭਾਰਤੀ ਸੰਸਦ ਗਿਰਾਵਟ ਵੱਲ ਜਾ ਰਹੀ ਹੈ ਇਸ ਦੇ ਕਈ ਕਾਰਨ ਹਨ-

**1.** ਇੱਕ ਦਿਨ ਵਿੱਚ ਦਸ-ਦਸ ਕਾਨੂੰਨ ਪਾਸ ਹੋ ਰਹੇ ਹਨ ।

**2.** ਸਪੀਕਰ ਦੀ ਨਿਰਪੱਖਤਾ ਬਾਰੇ ਸ਼ੱਕ ।

**3.** ਸਦਨ ਵਿੱਚੋਂ ਮੈਂਬਰਾਂ ਦੀ ਗੈਰ-ਹਾਜ਼ਰੀ ।

**4.** ਕਮੇਟੀ ਪ੍ਰਣਾਲੀ ਦਾ ਪਤਨ ।

**5.** ਬੈਠਕਾਂ ਵਿੱਚ ਕਮੀ ।

**6.** ਜ਼ਿੱਦ ਦੀ ਰਾਜਨੀਤੀ ।

੭. ਲਟਕਦੀ ਸੰਸਦ

੪੦. **ਸੰਸਦ ਦੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਲੋੜੀਂਦੇ ਸੁਝਾਅ ਦਿਓ ।**

ਉੱਤਰ- **1.** ਸੰਸਦ ਦੀ ਕਾਰਵਾਈ ਨੂੰ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਇਆ ਜਾਵੇ।

**2.** ਸਪੀਕਰ ਨੂੰ ਨਿਰਪੱਖ ਹੋਣਾ ਚਾਹੀਦਾ ਹੈ ।

**3.** ਸੰਸਦ ਮੈਂਬਰਾਂ ਲਈ ਨਿਯਮਤ ਤੌਰ 'ਤੇ ਟ੍ਰੇਨਿੰਗਾਂ ਤੇ ਵਰਕਸ਼ਾਪ ਆਯੋਜਿਤ ਕੀਤੀਆਂ ਜਾਣ, ਤਾਂ ਜੋ ਉਹ ਸੰਵਿਧਾਨ ਦੇ ਨਿਯਮਾਂ ਅਤੇ ਆਪਣੇ ਕਰਤੱਵਾਂ ਬਾਰੇ ਠੀਕ ਜਾਣਕਾਰੀ ਰੱਖ ਸਕਣ।

**4.** ਸੰਸਦ ਦੀਆਂ ਬੈਠਕਾਂ ਵਿੱਚ ਵਾਧਾ ਹੋਣਾ ਚਾਹੀਦਾ ਹੈ ।

**5.** ਜ਼ਿੱਦ ਦੀ ਰਾਜਨੀਤੀ ਨਹੀਂ ਹੋਣੀ ਚਾਹੀਦੀ ।

**6.** ਸਥਿਰ ਸਰਕਾਰਾਂ ਬਣਨੀਆਂ ਚਾਹੀਦੀਆਂ ਹਨ ।

੭. ਸੰਸਦ ਦੀ ਕਾਰਗੁਜ਼ਾਰੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਡਿਜ਼ੀਟਲ ਤਕਨੀਕਾਂ ਦੀ ਵਰਤੋਂ ਵਧਾਈ ਜਾਵੇ।

੪੧. **ਭਾਰਤੀ ਸੰਸਦ ਦੀ ਬਣਤਰ ਲਿਖੋ।**

ਉੱਤਰ- ਭਾਰਤੀ ਸੰਸਦ ਦੇ ਦੋ ਸਦਨ ਹਨ- ਲੋਕ ਸਭਾ ਅਤੇ ਰਾਜ ਸਭਾ।

**1. ਲੋਕ ਸਭਾ**:- ਜਿਵੇਂ ਕਿ ਨਾਂ ਤੋਂ ਹੀ ਸਪੱਸ਼ਟ ਹੈ ਕਿ ਇਹ ਲੋਕਾਂ ਦਾ ਸਦਨ ਹੈ । ਇਸ ਵਿਚ ਲੋਕਾਂ ਦੁਆਰਾ ਪ੍ਰਤੱਖ ਚੁਣੇ ਹੋਏ ਮੈਂਬਰ ਹੁੰਦੇ ਹਨ । ਵਰਤਮਾਨ ਸਮੇਂ ਇਸਦੇ ਮੈਂਬਰਾਂ ਦੀ ਕੁੱਲ ਗਿਣਤੀ **543** ਹੈ । ਲੋਕ ਸਭਾ ਇੱਕ ਅਸਥਾਈ ਸਦਨ ਹੈ। ਰਾਸ਼ਟਰਪਤੀ ਇਸ ਸਦਨ ਨੂੰ ਸੰਵਿਧਾਨ ਦੇ ਕਾਨੂੰਨ ਅਨੁਸਾਰ ਭੰਗ ਕਰ ਸਕਦਾ ਹੈ ਅਤੇ ਪੰਜ ਸਾਲ ਤੋਂ ਪਹਿਲਾਂ ਦੁਬਾਰਾ ਚੋਣ ਵੀ ਕਰਵਾਈ ਜਾ ਸਕਦੀ ਹੈ।

2. **<u>ਰਾਜ ਸਭਾ</u>**- ਇਹ ਇੱਕ ਸਥਾਈ ਸਦਨ ਹੈ। ਵਰਤਮਾਨ ਸਮੇਂ ਇਸਦੇ ਮੈਂਬਰਾਂ ਦੀ ਕੁੱਲ ਗਿਣਤੀ **250** ਹੈ। **238** ਮੈਂਬਰ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚੋਂ ਅਤੇ **12** ਮੈਂਬਰ ਰਾਸ਼ਟਰਪਤੀ ਦੁਆਰਾ ਵਿਗਿਆਨ, ਸਾਹਿਤ, ਕਲਾ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਵਿੱਚੋਂ ਨਾਮਜ਼ਦ ਕੀਤੇ ਜਾਂਦੇ ਹਨ। ਇਸ ਦੇ ਮੈਂਬਰ ਅਪ੍ਰਤੱਖ ਚੋਣ ਪ੍ਰਣਾਲੀ ਨਾਲ ਚੁਣੇ ਜਾਂਦੇ ਹਨ। ਇਹ ਇੱਕ ਸਥਾਈ ਸਦਨ ਹੈ ਜੋ ਲੋਕ ਸਭਾ ਦੇ ਟੁੱਟਣ ਤੋਂ ਬਾਅਦ ਵੀ ਕੰਮ ਕਰਦਾ ਰਹਿੰਦਾ ਹੈ। ਇਸ ਦੇ ਮੈਂਬਰਾਂ ਦਾ ਕਾਰਜਕਾਲ ਛੇ ਸਾਲ ਹੈ। ਇਸ ਦੇ ਮੈਂਬਰ ਹਰ ਦੋ ਸਾਲ ਬਾਅਦ ਰਿਟਾਇਰ ਹੋ ਜਾਂਦੇ ਹਨ।

42. **ਸੰਸਦੀ ਸਰਕਾਰ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਲਿਖੋ।**

ਉੱਤਰ- ਸੰਸਦੀ ਸਰਕਾਰ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ-

- ਨਾਂ-ਮਾਤਰ ਅਤੇ ਅਸਲ ਕਾਰਜਪਾਲਿਕਾ ਵਿੱਚ ਅੰਤਰ।
- ਕਾਰਜਪਾਲਿਕਾ ਅਤੇ ਵਿਧਾਨਪਾਲਿਕਾ ਵਿੱਚ ਗੂੜ੍ਹਾ ਸੰਬੰਧ।
- ਕਾਰਜਪਾਲਿਕਾ ਦੀ ਵਿਧਾਨ ਮੰਡਲ ਪ੍ਰਤੀ ਜ਼ਿੰਮੇਵਾਰੀ।
- ਪ੍ਰਧਾਨ ਮੰਤਰੀ ਦੀ ਅਗਵਾਈ।
- ਕਾਰਜਪਾਲਿਕਾ ਦੀ ਮਿਆਦ ਅਨਿਸ਼ਚਿਤ
- ਵਿਰੋਧੀ ਦਲ ਨੂੰ ਕਾਨੂੰਨੀ ਮਾਨਤਾ।
- ਸਮੂਹਿਕ ਅਤੇ ਵਿਅਕਤੀਗਤ ਜ਼ਿੰਮੇਵਾਰੀ।

43. **ਕ੍ਰੈਡਿਟ ਕਾਰਡ ਕੰਪਨੀ, ਧਾਰਕ ਤੋਂ ਵਿਆਜ ਕਿਵੇਂ ਲੈ ਸਕਦੀ ਹੈ?**

ਉੱਤਰ: ਕ੍ਰੈਡਿਟ ਕਾਰਡ ਥੋੜ੍ਹੇ ਸਮੇਂ ਲਈ ਉਧਾਰ ਲੈਣ ਦਾ ਇੱਕ ਢੰਗ ਹੈ ਜਿਸ ਵਿੱਚ ਕਾਰਡ ਧਾਰਕ, ਉਧਾਰ ਵਰਤੀ ਰਕਮ ਦਾ ਭੁਗਤਾਨ 30 ਜਾਂ 50 ਦਿਨਾਂ ਦੇ ਅੰਦਰ-ਅੰਦਰ ਕਰਨ ਦਾ ਵਾਅਦਾ ਕਰਦਾ ਹੈ ਅਤੇ ਜੇਕਰ ਕਾਰਡ ਧਾਰਕ ਨਿਰਧਾਰਿਤ ਸਮੇਂ ਦੇ ਅੰਦਰ ਭੁਗਤਾਨ ਕਰਨ ਵਿੱਚ ਅਸਫ਼ਲ ਹੋ ਜਾਂਦਾ ਹੈ ਤਾਂ ਕਾਰਡ ਜਾਰੀ ਕਰਤਾ ਕੰਪਨੀ ਵਿਆਜ਼ ਵਸੂਲਦੀ ਹੈ।

**ਪੰਜ ਅੰਕਾਂ ਵਾਲੇ ਪ੍ਰਸ਼ਨ (ਪ੍ਰਸ਼ਨਾਂ ਦਾ ਉੱਤਰ 80 ਤੋਂ 100 ਸ਼ਬਦਾਂ ਵਿੱਚ ਦਿਓ)**

**1. ਜੀਵ ਅਤੇ ਨਿਰਜੀਵ ਸਾਧਨਾਂ ਵਿੱਚ ਅੰਤਰ ਸਪੱਸ਼ਟ ਕਰੋ।**

**ਉੱਤਰ: ਜੀਵ ਸਾਧਨ :** ਜੀਵ ਸਾਧਨ ਉਹ ਮੁੱਢਲੇ ਸਾਧਨ ਹਨ ਜਿਹੜੇ ਕਿ ਜਾਨਦਾਰ ਵਸਤਾਂ ਤੋਂ ਉਤਪੰਨ ਹੁੰਦੇ ਹਨ। ਹਨ।ਸੰਸਾਰ ਦੇ ਲਗਭਗ 85% ਭੋਜਨ ਪਦਾਰਥ ਇਹਨਾਂ ਵਸਤਾਂ ਉੱਪਰ ਹੀ ਨਿਰਭਰ ਕਰਦੇ ਹਨ।ਜੀਵ-ਜੰਤੂ ਅਤੇ ਪੌਦੇ ਜੀਵ ਸਾਧਨ ਅਖਵਾਉਂਦੇ ਹਨ।

**ਨਿਰਜੀਵ ਸਾਧਨ**: ਕੁਦਰਤ ਤੋਂ ਮਿਲਣ ਵਾਲੀਆਂ ਨਿਰਜੀਵ ਵਸਤੂਆਂ ਜਿਵੇਂ ਕਿ ਖਣਿਜ ਪਦਾਰਥ, ਸੂਰਜ ਅਤੇ ਪਾਣੀ ਆਦਿ ਨਿਰਜੀਵ ਸਾਧਨ ਅਖਵਾਉਂਦੇ ਹਨ।

**2.ਭੂਮੀ ਅਤੇ ਮਿੱਟੀ ਸਾਧਨ ਦੀ ਮਹੱਤਤਾ 'ਤੇ ਇੱਕ ਸੰਖੇਪ ਨੋਟ ਲਿਖੋ।**

ਉੱਤਰ: ਮਿੱਟੀ ਧਰਤੀ ਦੀ ਸਭ ਤੋਂ ਉੱਪਰਲੀ ਛੋਟੀ ਜਿਹੀ ਪਰਤ ਹੈ ਜਿਹੜੀ ਮੂਲ ਚੱਟਾਨਾਂ ਦੇ ਟੁੱਟਣ-ਭੱਜਣ, ਜਲਵਾਯੂ, ਜੀਵਾਂ ਅਤੇ ਰੁੱਖ-ਬੂਟਿਆਂ ਦੇ ਗਲਣ-ਸੜਨ ਆਦਿ ਤੱਤਾਂ ਦੇ ਅਸਰ ਕਾਰਨ ਬਣਦੀ ਹੈ।ਇਹ ਪੌਦਿਆਂ ਅਤੇ ਫ਼ਸਲਾਂ ਦੇ ਉੱਗਣ ਵਿੱਚ ਅਹਿਮ ਰੋਲ ਅਦਾ ਕਰਦੀ ਹੈ। ਭੂਮੀ ਉੱਪਰ ਮਨੁੱਖ ਆਪਣੀਆਂ ਆਰਥਿਕ ਜਾਂ ਕੋਈ ਹੋਰ ਗਤੀਵਿਧੀਆਂ ਕਰਦਾ ਹੈ। ਭੂਮੀ ਅਤੇ ਮਿੱਟੀ ਸਾਧਨ ਦੀ ਵਰਤੋਂ ਮਨੁੱਖ ਦੁਆਰਾ ਖੇਤੀਬਾੜੀ ਕਰਨ, ਉਦਯੋਗ ਲਗਾਉਣ, ਆਵਾਜਾਈ ਦੇ ਸਾਧਨ ਵਿਕਸਤ ਕਰਨ , ਖੇਡਾਂ ਖੇਡਣ ਅਤੇ ਸੈਰ-ਸਪਾਟੇ ਆਦਿ ਕੰਮਾਂ ਲਈ ਕੀਤੀ ਜਾਂਦੀ ਹੈ।

**3. ਖਣਿਜ ਪਦਾਰਥ ਸਾਨੂੰ ਕਿਥੋਂ ਪ੍ਰਾਪਤ ਹੁੰਦੇ ਹਨ ਅਤੇ ਇਨ੍ਹਾਂ ਦੀ ਵਰਤੋਂ ਕਿੱਥੇ ਕੀਤੀ ਜਾਂਦੀ ਹੈ?**

ਉੱਤਰ: ਖਣਿਜ ਪਦਾਰਥ ਧਰਤੀ ਵਿੱਚੋਂ ਮਿਲਣ ਵਾਲੇ ਪਦਾਰਥ ਹਨ ।ਇਹ ਦੋ ਤਰ੍ਹਾਂ ਦੇ ਹੁੰਦੇ ਹਨ-ਧਾਤੂ ਖਣਿਜ ਪਦਾਰਥ ਅਤੇ ਅਧਾਤੂ ਖਣਿਜ ਪਦਾਰਥ। ਧਾਤੂ ਖਣਿਜ ਪਦਾਰਥਾਂ ਵਿੱਚ ਲੋਹਾ, ਤਾਂਬਾ, ਚਾਂਦੀ, ਸੋਨਾ ਅਤੇ ਐਲੂਮੀਨੀਅਮ ਅਤੇ ਅਧਾਤੂ ਖਣਿਜ ਪਦਾਰਥਾਂ ਵਿੱਚ ਪੈਟਰੋਲੀਅਮ, ਕੋਲਾ, ਅਬਰਕ ਅਤੇ ਮੈਂਗਨੀਜ਼ ਆਦਿ ਸ਼ਾਮਿਲ ਹਨ। ਖਣਿਜ ਸਾਧਨ ਅਲੱਗ-ਅਲੱਗ ਪ੍ਰਕਾਰ ਦੀਆਂ ਚੱਟਾਨਾਂ ਤੋਂ ਪ੍ਰਾਪਤ ਹੁੰਦੇ ਹਨ। ਇਹਨਾਂ ਨੂੰ ਉਦਯੋਗਾਂ ਵਿੱਚ ਵਰਤਿਆ ਜਾਂਦਾ ਹੈ। ਖਣਿਜ ਸਾਡੇ ਉਦਯੋਗਾਂ ਦਾ ਆਧਾਰ ਮੰਨੇ ਜਾਂਦੇ ਹਨ।

**4. ਵਿਕਸਤ ਅਤੇ ਸੰਭਾਵਤ ਸਾਧਨਾਂ ਨੂੰ ਉਦਾਹਰਨ ਸਹਿਤ ਸਮਝਾਓ।**

**ਉੱਤਰ:- ਵਿਕਸਤ ਸਾਧਨ:** ਜਿਹੜੇ ਸਾਧਨ ਕਿਸੇ ਲਾਭਦਾਇਕ ਆਰਥਿਕ ਮਕਸਦ ਵਾਸਤੇ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਵਿਕਸਿਤ ਸਾਧਨ ਕਿਹਾ ਜਾਂਦਾ ਹੈ। ਜਿਵੇਂ ਕਿ ਸੋਨਾ, ਚਾਂਦੀ, ਕੋਲਾ ਅਤੇ ਪੈਟਰੋਲੀਅਮ ਆਦਿ।

**ਸੰਭਾਵਿਤ ਸਾਧਨ:** ਜਿਹੜੇ ਸਾਧਨ ਮੌਜੂਦ ਤਾਂ ਹਨ ਪਰ ਉਨ੍ਹਾਂ ਦੀ ਵਰਤੋਂ ਨਹੀਂ ਹੁੰਦੀ, ਉਨ੍ਹਾਂ ਨੂੰ ਸੰਭਾਵਿਤ ਸਾਧਨ ਕਿਹਾ ਜਾਂਦਾ ਹੈ। ਪਹਾੜਾਂ ਤੋਂ ਉੱਤਰਦੀਆਂ ਨਦੀਆਂ ਬਿਜਲੀ ਪੈਦਾ ਕਰਨ ਵਾਸਤੇ ਸੰਭਾਵਿਤ ਸਾਧਨ ਹਨ। ਜਦੋਂ ਨਦੀਆਂ ਦੇ ਇਸ ਪਾਣੀ ਤੋਂ ਬਿਜਲੀ ਤਿਆਰ ਕੀਤੀ ਜਾਂਦੀ ਹੈ ਤਾਂ ਇਹ ਪਾਣੀ ਵਿਕਸਤ ਸਾਧਨ ਅਖਵਾਉਂਦਾ ਹੈ।

**5 . ਖੇਤੀ ਦੀਆਂ ਕਿਸਮਾਂ ਦੇ ਨਾਂ ਦੱਸ ਕੇ ਸੰਘਣੀ ਅਤੇ ਵਿਸ਼ਾਲ ਖੇਤੀ ਵਿੱਚ ਅੰਤਰ ਲਿਖੋ।**

ਉੱਤਰ- ਖੇਤੀਬਾੜੀ ਦੀਆਂ ਹੇਠ ਲਿਖੀਆਂ ਕਿਸਮਾਂ ਹਨ-

**1.** ਸਥਾਈ ਖੇਤੀ **2.** ਸਥਾਨਅੰਤਰੀ ਖੇਤੀ **3.** ਖੁਸ਼ਕ ਖੇਤੀ
**4.** ਗਿੱਲੀ ਖੇਤੀ **5.** ਸੰਘਣੀ ਖੇਤੀ **6.** ਵਿਸ਼ਾਲ ਖੇਤੀ **7.** ਮਿਸ਼ਰਤ ਖੇਤੀ **8.** ਬਾਗਬਾਨੀ ਕਿਸਮ ਦੀ ਖੇਤੀ **9.** ਨਿੱਜੀ ਖੇਤੀ
**10.** ਸਹਿਕਾਰੀ ਖੇਤੀ **11.** ਸਾਂਝੀ ਖੇਤੀ **12.** ਬਾਗਾਤੀ ਖੇਤੀ
**13.** ਗੁਜ਼ਾਰੇਵੰਦੀ ਖੇਤੀ **14.** ਵਪਾਰਕ ਖੇਤੀ

**ਸੰਘਣੀ ਖੇਤੀ**- ਜਦੋਂ ਥੋੜ੍ਹੀ ਜ਼ਮੀਨ ਵਿੱਚੋਂ ਖਾਦਾਂ ਅਤੇ ਸਿੰਚਾਈ ਆਦਿ ਦੇ ਸਾਧਨਾਂ ਦੀ ਵਰਤੋਂ ਨਾਲ ਜ਼ਿਆਦਾ ਝਾੜ ਲਿਆ ਜਾਂਦਾ ਹੈ ਤਾਂ ਅਜਿਹੀ ਖੇਤੀ ਨੂੰ ਸੰਘਣੀ ਖੇਤੀ ਕਿਹਾ ਜਾਂਦਾ ਹੈ।

**ਵਿਸ਼ਾਲ ਖੇਤੀ-** ਜਦੋਂ ਕਿਸਾਨਾਂ ਕੋਲ ਜ਼ਮੀਨ ਦਾ ਆਕਾਰ ਵੱਡਾ ਹੋਵੇ ਤਾਂ ਖੇਤੀ ਮਸ਼ੀਨਾਂ ਅਤੇ ਹੈਲੀਕਾਪਟਰ ਦੀ ਮੱਦਦ ਨਾਲ ਕੀਤੀ ਜਾਂਦੀ ਹੈ। ਇਸ ਕਿਸਮ ਦੀ ਖੇਤੀ ਨੂੰ ਵਿਸ਼ਾਲ ਖੇਤੀ ਕਿਹਾ ਜਾਂਦਾ ਹੈ।

6. **ਚਾਵਲ ਪੈਦਾ ਕਰਨ ਵਾਲੇ ਮੁੱਖ ਖੇਤਰ ਕਿਹੜੇ-ਕਿਹੜੇ ਹਨ?**

ਉੱਤਰ- ਚਾਵਲ ਮੁੱਖ ਤੌਰ 'ਤੇ ਗਰਮ ਅਤੇ ਤਰ ਜਲਵਾਯੂ ਵਾਲੇ ਦੇਸ਼ਾਂ ਵਿੱਚ ਪੈਦਾ ਕੀਤਾ ਜਾਂਦਾ ਹੈ। ਸੰਸਾਰ ਵਿੱਚ ਚੀਨ, ਭਾਰਤ, ਬੰਗਲਾਦੇਸ਼, ਜਪਾਨ ਅਤੇ ਦੱਖਣੀ-ਪੂਰਬੀ ਦੇਸ਼ ਚਾਵਲ ਦੀ ਕਾਫੀ ਪੈਦਾਵਾਰ ਕਰਦੇ ਹਨ। ਚੀਨ ਸੰਸਾਰ ਦਾ **36%** ਚਾਵਲ ਪੈਦਾ ਕਰਕੇ ਪਹਿਲੇ ਸਥਾਨ 'ਤੇ ਹੈ। ਭਾਰਤ ਦੇਸ਼ ਚਾਵਲ ਦੀ ਪੈਦਾਵਾਰ ਵਿੱਚ ਸੰਸਾਰ ਭਰ ਵਿੱਚ ਦੂਜੇ ਸਥਾਨ 'ਤੇ ਹੈ। ਸੰਸਾਰ ਦਾ 20% ਚਾਵਲ ਭਾਰਤ ਦੁਆਰਾ ਪੈਦਾ ਕੀਤਾ ਜਾਂਦਾ ਹੈ। ਭਾਰਤ ਵਿੱਚ ਪੱਛਮੀ ਬੰਗਾਲ, ਬਿਹਾਰ, ਉੜੀਸਾ, ਪੰਜਾਬ ਅਤੇ ਉੱਤਰ ਪ੍ਰਦੇਸ਼ ਆਦਿ ਰਾਜ ਚਾਵਲ ਦੀ ਖੇਤੀ ਲਈ ਪ੍ਰਮੁੱਖ ਮੰਨੇ ਜਾਂਦੇ ਹਨ ।

7. **ਪੰਜਾਬ ਵਿੱਚ ਕਪਾਹ ਦੀ ਪੈਦਾਵਾਰ 'ਤੇ ਇੱਕ ਨੋਟ ਲਿਖੋ ।**

ਉੱਤਰ- ਕਪਾਹ ਪੌਦਿਆਂ ਤੋਂ ਮਿਲਣ ਵਾਲਾ ਸਭ ਤੋਂ ਮਹੱਤਵਪੂਰਨ ਰੇਸ਼ਾ ਹੈ ਅਤੇ ਕੱਪੜਾ ਉਦਯੋਗ ਵਿੱਚ ਸਭ ਤੋਂ ਵਧੇਰੇ ਇਸਤੇਮਾਲ ਕੀਤਾ ਜਾਣ ਵਾਲਾ ਰੇਸ਼ਾ ਹੈ। ਪੰਜਾਬ ਦੇ ਬਠਿੰਡਾ, ਫ਼ਰੀਦਕੋਟ, ਫਿਰੋਜ਼ਪੁਰ ਅਤੇ ਸੰਗਰੂਰ ਆਦਿ ਜ਼ਿਲ੍ਹੇ ਕਪਾਹ ਦੀ ਪੈਦਾਵਾਰ ਲਈ ਮਸ਼ਹੂਰ ਹਨ। ਪੰਜਾਬ ਵਿੱਚ ਬੀ.ਟੀ ਕਾਟਨ ਬੀਜ ਚੰਗੇ ਨਤੀਜੇ ਦੇ ਰਿਹਾ ਹੈ। ਪੰਜਾਬ ਦੇ ਮਾਲਵਾ ਖੇਤਰ ਵਿੱਚ ਕਪਾਹ ਨੂੰ 'ਚਿੱਟਾ ਸੋਨਾ' ਕਿਹਾ ਜਾਂਦਾ ਹੈ।

**8. ਚਾਹ ਅਤੇ ਕੌਫੀ ਦੇ ਪੌਦਿਆਂ ਦੀ ਸਾਂਭ ਸੰਭਾਲ ਕਿਵੇਂ ਕੀਤੀ ਜਾਂਦੀ ਹੈ?**

ਉੱਤਰ- **ਚਾਹ-** ਚਾਹ ਦਾ ਪੌਦਾ ਇੱਕ ਝਾੜੀ ਵਰਗਾ ਹੁੰਦਾ ਹੈ। ਇਸ ਪੌਦੇ ਦੇ ਪੱਤਿਆਂ ਤੋਂ ਚਾਹ ਪ੍ਰਾਪਤ ਕੀਤੀ ਜਾਂਦੀ ਹੈ। ਚਾਹ ਦੇ ਪੌਦਿਆਂ ਨੂੰ ਸਾਫ਼ ਕੀਤੀਆਂ ਹੋਈਆਂ ਢਲਾਣਾਂ ਉੱਤੇ ਲਗਾਇਆ ਜਾਂਦਾ ਹੈ। ਪੌਦਿਆਂ ਦੇ ਸਹੀ ਵਿਕਾਸ ਲਈ ਖਾਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਰਖਾ ਦਾ ਪਾਣੀ ਪੌਦਿਆਂ ਦੀਆਂ ਜੜ੍ਹਾਂ ਵਿੱਚ ਖੜ੍ਹਾ ਨਹੀਂ ਹੋਣਾ ਚਾਹੀਦਾ। ਚਾਹ ਦੇ ਪੌਦੇ ਨੂੰ ਕਾਂਟ-ਛਾਂਟ ਦੀ ਜ਼ਰੂਰਤ ਹੁੰਦੀ ਹੈ ਤਾਂ ਕਿ ਇਸ ਦਾ ਸਹੀ ਵਿਕਾਸ ਹੁੰਦਾ ਰਹੇ।

**ਕੌਫੀ-** ਕੌਫੀ ਵੀ ਚਾਹ ਵਰਗਾ ਪੀਣ ਵਾਲਾ ਪਦਾਰਥ ਹੈ। ਅਫ਼ਰੀਕਾ ਮਹਾਂਦੀਪ ਨੂੰ ਕੌਫੀ ਦੇ ਪੌਦੇ ਦਾ ਜਨਮਦਾਤਾ ਮੰਨਿਆ ਜਾਂਦਾ ਹੈ। ਕੌਫੀ ਦੇ ਪੌਦੇ ਪਹਿਲਾਂ ਨਰਸਰੀ ਵਿੱਚ ਉਗਾਏ ਜਾਂਦੇ ਹਨ। ਛੇ ਤੋਂ ਅੱਠ ਮਹੀਨਿਆਂ ਬਾਅਦ ਇਹਨਾਂ ਛੋਟੇ ਪੌਦਿਆਂ ਨੂੰ ਕੌਫੀ ਲਈ ਤਿਆਰ ਕੀਤੇ ਖੇਤਾਂ ਵਿੱਚ ਲਗਾ ਦਿੱਤਾ ਜਾਂਦਾ ਹੈ। ਇੱਕ ਵਾਰ ਲਗਾਏ ਕੌਫੀ ਦੇ ਪੌਦੇ **30** ਸਾਲ ਤੱਕ ਫ਼ਲ ਦਿੰਦੇ ਰਹਿੰਦੇ ਹਨ। ਪਰੰਤੂ ਸਮੇਂ-ਸਮੇਂ 'ਤੇ ਕੌਫੀ ਦੇ ਖੇਤਾਂ ਵਿੱਚ ਖਾਦਾਂ, ਪੌਦਿਆਂ ਦੀ ਕਟਾਈ, ਛੰਗਾਈ ਅਤੇ ਸਿੰਚਾਈ ਦੀ ਲੋੜ ਪੈਂਦੀ ਹੈ। ਕੌਫੀ ਦੇ ਉੱਗਣ ਸਮੇਂ ਅਤੇ ਫ਼ਸਲ ਪੱਕਣ ਸਮੇਂ ਗਰਮ ਅਤੇ ਧੁੱਪ ਵਾਲਾ ਮੌਸਮ ਲੋੜੀਂਦਾ ਹੁੰਦਾ ਹੈ। ਕੌਫੀ ਦੇ ਪੌਦੇ ਦੀ ਉੱਚਾਈ ਲੱਗਭੱਗ 8 ਫੁੱਟ ਰੱਖੀ ਜਾਂਦੀ ਹੈ।

**9. ਯੂ. ਐਸ. ਏ. ਵਿੱਚ ਖੇਤੀਬਾੜੀ ਦੇ ਕੰਮਾਂ ਵਿੱਚ ਮਸ਼ੀਨਾਂ ਦੀ ਵਰਤੋਂ 'ਤੇ ਇੱਕ ਨੋਟ ਲਿਖੋ।**

ਉੱਤਰ- ਯੂ.ਐਸ.ਏ ਵਿੱਚ ਖੇਤਾਂ ਦਾ ਆਕਾਰ ਵੱਡਾ ਹੈ। ਇਸਦੇ ਇੱਕ ਫਾਰਮ ਦਾ ਔਸਤਨ ਆਕਾਰ **700** ਏਕੜ ਹੈ। ਖੇਤਾਂ ਦਾ ਆਕਾਰ ਵੱਡਾ ਹੋਣ ਕਰਕੇ ਇੱਥੇ ਵਿਸਤ੍ਰਿਤ ਕਿਸਮ ਦੀ ਖੇਤੀ ਕੀਤੀ ਜਾਂਦੀ ਹੈ। ਯੂ.ਐੱਸ.ਏ ਦੇ ਫਾਰਮਾਂ ਵਿੱਚ ਮਸ਼ੀਨਾਂ ਤੋਂ ਬਿਨ੍ਹਾਂ ਖੇਤੀ ਕਰਨਾ ਲਗਭਗ ਅਸੰਭਵ ਹੈ। ਇਕ ਫਾਰਮ ਵਿੱਚ ਇੱਕ ਹੀ ਪ੍ਰਕਾਰ ਦੀ ਖੇਤੀ ਕੀਤੀ ਜਾਂਦੀ ਹੈ। ਫ਼ਸਲ ਦੀ ਬਿਜਾਈ ਤੋਂ ਲੈ ਕੇ ਫ਼ਸਲ ਨੂੰ ਮੰਡੀਆਂ ਤੱਕ ਲੈ ਜਾਣ ਦਾ ਸਾਰਾ ਕੰਮ ਮਸ਼ੀਨਾਂ ਤੋਂ ਹੀ ਲਿਆ ਜਾਂਦਾ ਹੈ। ਖੇਤੀ ਕਰਨ ਲਈ ਹੈਲੀਕਾਪਟਰ ਅਤੇ ਜਹਾਜ਼ਾਂ ਦੀ ਵਰਤੋਂ ਵੀ ਹੁੰਦੀ ਹੈ।

**10. ਕ੍ਰਿਸ਼ੀ ਦਾ ਵਣਜੀਕਰਣ ਕਿਵੇਂ ਹੋਇਆ?**

ਉੱਤਰ-ਅੰਗਰੇਜ਼ਾਂ ਦੁਆਰਾ ਲਾਗੂ ਕੀਤੀਆਂ ਗਈਆਂ ਭੂਮੀ ਲਗਾਨ ਪ੍ਰਣਾਲੀਆਂ ਅਨੁਸਾਰ ਕਿਸਾਨਾਂ ਨੂੰ ਲਗਾਨ ਦੇ ਤੌਰ 'ਤੇ ਨਿਸ਼ਚਿਤ ਰਕਮ ਸਮੇਂ ਸਿਰ ਸਰਕਾਰ ਨੂੰ ਦੇਣੀ ਪੈਂਦੀ ਸੀ। ਇਸ ਲਈ ਕਿਸਾਨ ਹੁਣ ਫ਼ਸਲ ਪਿੰਡ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੀ ਨਹੀਂ ਸਗੋਂ ਮੰਡੀ ਵਿੱਚ ਵੇਚਣ ਲਈ ਪੈਦਾ ਕਰਦੇ ਸਨ। ਉਹਨਾਂ ਦਾ ਉਦੇਸ਼ ਫਸਲਾਂ ਤੋਂ ਵੱਧ ਤੋਂ ਵੱਧ ਧਨ ਕਮਾਉਣਾ ਹੋ ਗਿਆ ਸੀ ਤਾਂ ਕਿ ਉਹ ਸਰਕਾਰ ਨੂੰ ਨਿਸ਼ਚਿਤ ਸਮੇਂ 'ਤੇ ਭੂਮੀ ਲਗਾਉਣ ਦੀ ਰਕਮ ਦੇ ਸਕਦੇ ਅਤੇ ਸ਼ਾਹੂਕਾਰਾਂ ਦਾ ਕਰਜ਼ਾ ਵੀ ਮੋੜਿਆ ਜਾ ਸਕਦਾ। ਇਸ ਤਰ੍ਹਾਂ ਕ੍ਰਿਸ਼ੀ ਦਾ ਵਣਜੀਕਰਨ ਸ਼ੁਰੂ ਹੋ ਗਿਆ।

**11. ਕ੍ਰਿਸ਼ੀ ਵਣਜੀਕਰਨ ਦੀਆਂ ਦੋ ਮੁੱਖ ਹਾਨੀਆ ਦੱਸੋ।**

ਉੱਤਰ 1. ਕਿਸਾਨ ਪੁਰਾਣੇ ਢੰਗਾਂ ਨਾਲ ਖੇਤੀ ਕਰਦੇ ਸਨ ਅਤੇ ਮੰਡੀਆਂ ਵਿੱਚ ਉਨ੍ਹਾਂ ਦੀਆਂ ਫਸਲਾਂ ਦਾ ਮੁਕਾਬਲਾ ਅਮਰੀਕਾ, ਆਸਟਰੇਲੀਆ ਅਤੇ ਯੂਰਪ ਆਦਿ ਦੀਆਂ ਫ਼ਸਲਾਂ ਨਾਲ ਹੁੰਦਾ ਸੀ ਜੋ ਕਿ ਮਸ਼ੀਨਾਂ ਨਾਲ ਉਗਾਈਆਂ ਜਾਂਦੀਆਂ ਸਨ। ਇਸ ਕਰਕੇ ਕਿਸਾਨਾਂ ਨੂੰ ਜ਼ਿਆਦਾ ਲਾਭ ਨਹੀਂ ਹੋ ਸਕਦਾ ਸੀ।

2. ਕਿਸਾਨ ਨੂੰ ਆਪਣੀ ਫ਼ਸਲ ਮੰਡੀ ਵਿੱਚ ਆੜ੍ਹਤੀਏ ਦੀ ਸਹਾਇਤਾ ਨਾਲ ਵੇਚਣੀ ਪੈਂਦੀ ਸੀ, ਜਿਹੜਾ ਕਿ ਜ਼ਿਆਦਾ ਮੁਨਾਫਾ ਆਪ ਲੈ ਜਾਂਦੇ ਸਨ ਅਤੇ ਕਿਸਾਨਾਂ ਨੂੰ ਉਸਦੀ ਫਸਲ ਦਾ ਪੂਰਾ ਮੁੱਲ ਨਹੀਂ ਮਿਲਦਾ ਸੀ।

**12. ਸਥਾਈ ਬੰਦੋਬਸਤ ਕੀ ਸੀ ਅਤੇ ਉਸ ਦੇ ਕੀ ਆਰਥਿਕ ਪ੍ਰਭਾਵ ਪਏ?**

ਉੱਤਰ: ਸਥਾਈ ਬੰਦੋਬਸਤ ਭੂਮੀ ਲਗਾਨ ਪ੍ਰਬੰਧ ਲਾਰਡ ਕਾਰਨਵਾਲਿਸ ਨੇ ਬੰਗਾਲ ਵਿੱਚ 1793 ਈ. ਵਿੱਚ ਸ਼ੁਰੂ ਕੀਤਾ ਸੀ। ਇਸ ਪ੍ਰਬੰਧ ਅਨੁਸਾਰ ਜ਼ਿੰਮੀਦਾਰਾਂ ਨੂੰ ਹਮੇਸ਼ਾ ਲਈ ਭੂਮੀ ਦੇ ਮਾਲਕ ਬਣਾ ਦਿੱਤਾ ਗਿਆ। ਉਨ੍ਹਾਂ ਦੁਆਰਾ ਸਰਕਾਰ ਨੂੰ ਦਿੱਤਾ ਜਾਣ ਵਾਲਾ ਲਗਾਨ ਨਿਸ਼ਚਿਤ ਕਰ ਦਿੱਤਾ ਗਿਆ ਜੋ ਜ਼ਿੰਮੀਦਾਰ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਉਂਦੇ ਸਨ। ਜੇਕਰ ਉਹ ਕਿਸੇ ਕਾਰਨ ਅਜਿਹਾ ਨਹੀਂ ਕਰਦੇ ਸਨ ਤਾਂ ਸਰਕਾਰ ਉਹਨਾਂ ਦੀ ਜਮੀਨ ਦਾ ਕੁੱਝ ਹਿੱਸਾ ਵੇਚ ਕੇ ਲਗਾਨ ਦੀ ਰਕਮ ਪੂਰੀ ਕਰ ਲੈਂਦੀ ਸੀ ਅਤੇ ਜ਼ਿੰਮੀਦਾਰਾਂ ਨੂੰ ਇਹ ਅਧਿਕਾਰ ਸੀ ਕਿ ਕਿਸਾਨਾਂ ਤੋਂ ਆਪਣੀ ਮਰਜ਼ੀ ਅਨੁਸਾਰ ਲਗਾਨ ਇਕੱਠਾ ਕਰਨ।

**ਸਥਾਈ ਬੰਦੋਬਸਤ ਦੇ ਪ੍ਰਭਾਵ:-**

1. ਜ਼ਿੰਮੀਦਾਰ ਕਿਸਾਨਾਂ ਉੱਤੇ ਬਹੁਤ ਅੱਤਿਆਚਾਰ ਕਰਦੇ ਸਨ।

2. ਸਰਕਾਰ ਦਾ ਕਿਸਾਨਾਂ ਨਾਲ ਕੋਈ ਸਿੱਧਾ ਸੰਪਰਕ ਨਹੀਂ ਸੀ।

3. ਸਥਾਈ ਬੰਦੋਬਸਤ ਨੇ ਬਹੁਤ ਸਾਰੇ ਜ਼ਿੰਮੀਦਾਰਾਂ ਨੂੰ ਆਲਸੀ ਅਤੇ ਐਸ਼-ਪ੍ਰਸਤ ਬਣਾ ਦਿੱਤਾ।

**13. ਨੀਲ ਵਿਦਰੋਹ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ- ਨੀਲ ਦੀ ਖੇਤੀ ਕਰਨ ਵਾਲੇ ਕਿਸਾਨਾਂ ਨੇ ਵੀ ਨੀਲ ਉਤਪਾਦਨ ਤੇ ਵੱਧ ਲਗਾਨ ਲਗਾਉਣ ਵਿਰੁੱਧ ਵਿਦਰੋਹ ਕੀਤੇ। 1858 ਈ. ਤੋਂ 1860 ਈ. ਤੱਕ ਬੰਗਾਲ ਅਤੇ ਬਿਹਾਰ ਦੇ ਬਹੁਤ ਵੱਡੇ ਇਲਾਕੇ ਵਿੱਚ ਇਹ ਵਿਦਰੋਹ ਫੈਲ ਗਿਆ ਸੀ। ਜਦੋਂ ਕਿਸਾਨਾਂ ਨੂੰ ਨੀਲ ਦੀ ਖੇਤੀ ਕਰਨ ਲਈ ਮਜ਼ਬੂਰ ਕੀਤਾ ਗਿਆ ਤਾਂ ਉਨ੍ਹਾਂ ਨੇ ਅੰਗਰੇਜ਼ ਕਾਸ਼ਤਕਾਰਾਂ ਦੀਆਂ ਫੈਕਟਰੀਆਂ 'ਤੇ ਹਮਲਾ ਕਰ ਦਿੱਤਾ। ਨੀਲ ਸੰਕਟ ਉਦੋਂ ਤੱਕ ਜਾਰੀ ਰਿਹਾ ਜਦੋਂ 20ਵੀਂ ਸਦੀ ਦੇ ਆਰੰਭ ਵਿੱਚ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਕਿਸਾਨਾਂ ਦੇ ਪੱਖ ਵਿੱਚ ਸਮਰਥਨ ਦਿੱਤਾ।

**14. 19ਵੀਂ ਸਦੀ ਵਿੱਚ ਲਘੂ ਉਦਯੋਗਾਂ ਦੇ ਪਤਨ ਬਾਰੇ ਲਿਖੋ?**

ਉੱਤਰ- 19ਵੀਂ ਸਦੀ ਵਿੱਚ ਲਘੂ ਉਦਯੋਗਾਂ ਦੇ ਪਤਨ ਦੇ ਹੇਠ ਲਿਖੇ ਕਾਰਨ ਸਨ-

1. ਅੰਗਰੇਜ਼ਾਂ ਦੁਆਰਾ ਦੇਸੀ ਰਿਆਸਤਾਂ ਨੂੰ ਖਤਮ ਕਰਨਾ।

2. ਭਾਰਤੀ ਲਘੂ ਉਦਯੋਗਾਂ ਦੁਆਰਾ ਤਿਆਰ ਵਸਤਾਂ ਦਾ ਮੁੱਲ ਵੱਧ ਹੋਣਾ।
3. ਮਸ਼ੀਨਾਂ ਦੁਆਰਾ ਤਿਆਰ ਵਸਤਾਂ ਦੀ ਸਫਾਈ ਵੱਧ ਹੋਣਾ।
4. ਨਵੀਂ ਪੀੜ੍ਹੀ ਦੇ ਲੋਕਾਂ ਦੀ ਨਵੀਂ ਪਸੰਦ।
5. ਭਾਰਤ ਤੋਂ ਕੱਚਾ ਮਾਲ ਇੰਗਲੈਂਡ ਭੇਜਣਾ।

**15. ਨੀਲ ਉਦਯੋਗ ਦਾ ਵਰਣਨ ਕਰੋ?**

ਉੱਤਰ:- 18ਵੀਂ ਸਦੀ ਦੇ ਅੰਤ ਵਿੱਚ ਨੀਲ ਦੀ ਪੈਦਾਵਾਰ ਬਿਹਾਰ ਅਤੇ ਬੰਗਾਲ ਵਿੱਚ ਸ਼ੁਰੂ ਹੋਈ। ਯੂਰਪੀਨਾਂ ਨੇ ਨੀਲ ਦੇ ਵੱਡੇ-ਵੱਡੇ ਬਾਗ ਲਗਾਏ, ਜਿਹਨਾਂ ਵਿੱਚ ਭਾਰਤੀ ਲੋਕਾਂ ਨੂੰ ਕੰਮ ਕਰਨ ਤੇ ਲਗਾਇਆ ਗਿਆ। 1825 ਈ: ਵਿੱਚ ਨੀਲ ਦੀ ਖੇਤੀ ਅਧੀਨ 35 ਲੱਖ ਵਿੱਘੇ ਜ਼ਮੀਨ ਸੀ। 1879 ਈ. ਵਿੱਚ ਬਨਾਵਟੀ ਨੀਲ ਤਿਆਰ ਹੋਣ ਕਾਰਨ 1915 ਈ. ਵਿੱਚ ਨੀਲ ਦੀ ਖੇਤੀ ਅਧੀਨ ਕੇਵਲ 3-4 ਲੱਖ ਵਿੱਘਾ ਜ਼ਮੀਨ ਰਹਿ ਗਈ ਸੀ।

**16.ਪੱਛਮੀ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ ਲਿਖੋ?**

ਉੱਤਰ:- ਪੱਛਮੀ ਸਿੱਖਿਆ ਪ੍ਰਣਾਲੀ ਦੇ ਪ੍ਰਭਾਵ ਇਸ ਪ੍ਰਕਾਰ ਹਨ-

1. ਪੱਛਮੀ ਸਿੱਖਿਆ ਪ੍ਰਣਾਲੀ ਨਾਲ ਭਾਰਤੀ ਕਲਰਕੀ ਸੱਭਿਆਚਾਰ ਉਤਪੰਨ ਹੋਇਆ।
2. ਪੱਛਮੀ ਸਿੱਖਿਆ ਮਹਿੰਗੀ ਹੋਣ ਕਰਕੇ ਜ਼ਿਆਦਾਤਰ ਲੋਕ ਅਨਪੜ੍ਹ ਰਹੇ ।
3. ਭਾਰਤੀ ਭਾਸ਼ਾਵਾਂ ਦਾ ਵਿਸ਼ੇਸ਼ ਵਿਕਾਸ ਨਾ ਹੋਇਆ ।
4. ਪੱਛਮੀ ਸਿੱਖਿਆ ਨਾਲ ਭਾਰਤ ਵਿੱਚ ਪ੍ਰਚੱਲਿਤ ਕਈ ਅੰਧ ਵਿਸ਼ਵਾਸਾਂ ਨੂੰ ਖਤਮ ਕੀਤਾ ਜਾ ਸਕਿਆ।
5. ਪੱਛਮੀ ਸਿੱਖਿਆ ਕਾਰਨ ਹੀ ਭਾਰਤੀਆਂ ਨੇ ਦੂਜੇ ਦੇਸ਼ਾਂ ਦਾ ਇਤਿਹਾਸ ਪੜ੍ਹਿਆ ਅਤੇ ਭਾਰਤ ਨੂੰ ਆਜ਼ਾਦ ਕਰਾਉਣ ਵਿੱਚ ਯੋਗਦਾਨ ਪਾਇਆ।

**17. ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਤੋਂ ਤੁਸੀਂ ਕੀ ਸਮਝਦੇ ਹੋ?**

ਉੱਤਰ- 1905 ਈ. ਵਿੱਚ ਲਾਰਡ ਕਰਜ਼ਨ ਦੁਆਰਾ ਬੰਗਾਲ ਦੀ ਵੰਡ ਕਰਨ ਨਾਲ ਬੰਗਾਲ ਵਿੱਚ ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਸ਼ੁਰੂ ਹੋਇਆ, ਜਿਸ ਦੀ ਅਗਵਾਈ ਸੁਰਿੰਦਰ ਨਾਥ ਬੈਨਰਜੀ, ਬਿਪਨ ਚੰਦਰ ਪਾਲ ਅਤੇ ਬਾਲ ਗੰਗਾਧਰ ਤਿਲਕ ਆਦਿ ਮੁੱਖ ਨੇਤਾਵਾਂ ਨੇ ਕੀਤੀ ਸੀ। ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਦਾ ਉਦੇਸ਼ ਵਿਦੇਸ਼ੀ ਵਸਤਾਂ ਦਾ ਬਾਈਕਾਟ ਕਰਨਾ, ਸਵਦੇਸ਼ੀ ਵਸਤਾਂ ਦੀ ਵਰਤੋਂ ਕਰਨਾ ਸੀ। ਭਾਰਤ ਵਿੱਚ ਕਈ ਸਥਾਨਾਂ ਤੇ ਵਿਦੇਸ਼ੀ ਕੱਪੜੇ ਸਾੜ ਦਿੱਤੇ ਗਏ। |

**18. ਕ੍ਰਾਂਤੀਕਾਰੀ ਅੰਦੋਲਨ 'ਤੇ ਨੋਟ ਲਿਖੋ।**

ਉੱਤਰ- ਕ੍ਰਾਂਤੀਕਾਰੀ ਅੰਦੋਲਨ ਗਰਮ ਦਲ ਦੇ ਨੇਤਾਵਾਂ ਦੇ ਭਾਸ਼ਣਾਂ ਅਤੇ ਸਰਗਰਮੀਆਂ ਕਾਰਨ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਕ੍ਰਾਂਤੀਕਾਰੀ ਅੰਦੋਲਨ ਸ਼ੁਰੂ ਹੋਇਆ। ਇਸ ਅੰਦੋਲਨ ਦੇ ਮੁੱਖ ਕੇਂਦਰ ਮਹਾਂਰਾਸ਼ਟਰ, ਬੰਗਾਲ ਅਤੇ ਪੰਜਾਬ ਆਦਿ ਸਨ। ਪੰਜਾਬ ਵਿੱਚ ਕ੍ਰਾਂਤੀਕਾਰੀ ਅੰਦੋਲਨ ਦੇ ਮੁੱਖ ਨੇਤਾ ਸਰਦਾਰ ਅਜੀਤ ਸਿੰਘ, ਪਿੰਡੀ ਦਾਸ, ਸੂਫ਼ੀ, ਅੰਬਾ ਪ੍ਰਸਾਦ ਅਤੇ ਲਾਲ ਚੰਦ ਫਲਕ ਆਦਿ ਸਨ। ਇਹਨਾਂ ਦੀ ਅਗਵਾਈ ਹੇਠ ਕਈ ਨਗਰਾਂ ਵਿੱਚ ਹਿੰਸਕ ਕਾਰਵਾਈਆਂ ਕੀਤੀਆਂ ਗਈਆਂ। ਭਾਰਤ ਦੇ ਇਲਾਵਾ ਵਿਦੇਸ਼ਾਂ ਵਿੱਚ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਆਦਿ ਵਿੱਚ ਵੀ ਕਾਂਤੀਕਾਰੀ ਅੰਦੋਲਨ ਸ਼ੁਰੂ ਕੀਤੇ ਗਏ। ਸਿੱਟੇ ਵਜੋਂ ਇੰਗਲੈਂਡ ਵਿੱਚ ਸ਼ਿਆਮ ਜੀ ਕ੍ਰਿਸ਼ਨ ਵਰਮਾ ਨੇ ਇੰਡੀਅਨ ਹੋਮਰੂਲ ਸੋਸਾਇਟੀ ਅਤੇ ਅਮਰੀਕਾ ਵਿੱਚ ਲਾਲਾ ਹਰਦਿਆਲ ਨੇ ਗਦਰ ਪਾਰਟੀ ਦੀ ਸਥਾਪਨਾ ਕੀਤੀ।

**19. ਸਾਈਮਨ ਕਮਿਸ਼ਨ ਬਾਰੇ ਤੁਸੀਂ ਕੀ ਜਾਣਦੇ ਹੋ?**

ਉੱਤਰ-ਅੰਗਰੇਜ਼ੀ ਸਰਕਾਰ ਨੇ 1919 ਈ. ਦੇ ਸੁਧਾਰ ਐਕਟ ਦਾ ਜਾਇਜਾ ਲੈਣ ਲਈ 1928 ਈ. ਵਿੱਚ ਸਾਈਮਨ ਕਮਿਸ਼ਨ ਭਾਰਤ ਵਿੱਚ ਭੇਜਿਆ, ਜਿਸ ਦੇ 7 ਮੈਂਬਰ ਅੰਗਰੇਜ਼ ਹੀ ਸਨ। ਇਸ ਲਈ ਇਸ ਕਮਿਸ਼ਨ ਦਾ ਵਿਰੋਧ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਕਾਲੀਆਂ ਝੰਡੀਆਂ ਨਾਲ ਅਤੇ "ਸਾਈਮਨ ਵਾਪਸ ਜਾਓ" ਦੇ ਨਾਅਰਿਆਂ ਨਾਲ ਕੀਤਾ ਗਿਆ। ਪੁਲਿਸ ਨੇ ਇਹਨਾਂ ਅੰਦੋਲਨ ਕਰਨ ਵਾਲੇ ਲੋਕਾਂ ਤੇ ਲਾਠੀਚਾਰਜ ਕੀਤਾ। ਸਿੱਟੇ ਵਜੋਂ ਲਾਲਾ ਲਾਜਪਤ ਰਾਏ ਜ਼ਖਮੀ ਹੋ ਗਏ ਅਤੇ ਉਹਨਾਂ ਦੀ ਮੌਤ ਹੋ ਗਈ।

**20. ਭਾਰਤ ਛੱਡੋ ਅੰਦੋਲਨ ਕੀ ਹੈ?**

ਉੱਤਰ-ਦੂਜੇ ਵਿਸ਼ਵ ਯੁੱਧ ਪਿੱਛੋਂ 8 ਅਗਸਤ 1942 ਈ. ਨੂੰ ਗਾਂਧੀ ਜੀ ਨੇ ਭਾਰਤ ਛੱਡੋ ਅੰਦੋਲਨ ਸ਼ੁਰੂ ਕੀਤਾ। ਅੰਗਰੇਜ਼ ਸਰਕਾਰ ਨੇ 9 ਅਗਸਤ, 1942 ਨੂੰ ਗਾਂਧੀ ਜੀ ਅਤੇ ਕਾਂਗਰਸ ਦੇ ਹੋਰ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਖਬਰ ਸੁਣ ਕੇ ਗੁੱਸੇ ਵਿੱਚ ਆ ਕੇ ਲੋਕਾਂ

ਨੇ ਥਾਂ-ਥਾਂ ਤੇ ਪੁਲਿਸ ਥਾਣਿਆਂ, ਸਰਕਾਰੀ ਭਵਨਾਂ, ਡਾਕਖਾਨਿਆਂ ਅਤੇ ਰੇਲਵੇ ਸਟੇਸ਼ਨਾਂ ਆਦਿ ਨੂੰ ਨੁਕਸਾਨ ਪਹੁੰਚਾਇਆ। ਪਰੰਤੂ ਅੰਗਰੇਜ਼ੀ ਸਰਕਾਰ ਅੰਦੋਲਨਕਾਰੀਆਂ ਨੂੰ ਦਬਾਉਣ ਵਿੱਚ ਸਫਲ ਨਾ ਹੋ ਸਕੀ।

**21. ਆਜ਼ਾਦ ਹਿੰਦ ਫੌਜ 'ਤੇ ਨੋਟ ਲਿਖੋ।**

ਉੱਤਰ- ਸੁਭਾਸ਼ ਚੰਦਰ ਬੋਸ ਰਾਸ਼ਟਰੀ ਅੰਦੋਲਨ ਦਾ ਇੱਕ ਹੋਰ ਪ੍ਰਸਿੱਧ ਨੇਤਾ ਸੀ। ਉਸ ਨੇ ਭਾਰਤ ਨੂੰ ਅੰਗਰੇਜ਼ਾਂ ਕੋਲੋਂ ਆਜ਼ਾਦ ਕਰਾਉਣ ਲਈ ਇੱਕ ਆਜ਼ਾਦ ਹਿੰਦ ਫੌਜ਼ ਦੀ ਸਥਾਪਨਾ ਕੀਤੀ। ਇਸ ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਜਾਪਾਨ ਦੁਆਰਾ ਕੈਦ ਕੀਤੇ ਗਏ ਭਾਰਤੀ ਸੈਨਿਕ ਸ਼ਾਮਿਲ ਸਨ। ਪਰੰਤੂ 1943 ਈ. ਵਿੱਚ ਦੂਜੇ ਵਿਸ਼ਵ ਯੁੱਧ ਵਿੱਚ ਜਾਪਾਨ ਦੀ ਹਾਰ ਹੋ ਗਈ। ਇਸ ਕਰਕੇ ਆਜ਼ਾਦ ਹਿੰਦ ਫੌਜ ਭਾਰਤ ਨੂੰ ਆਜ਼ਾਦ ਕਰਾਉਣ ਵਿੱਚ ਅਸਫ਼ਲ ਰਹੀ। ਇਸ ਦੇ ਨੇਤਾ ਸੁਭਾਸ਼ ਚੰਦਰ ਬੋਸ ਦੀ 1945 ਈ. ਵਿੱਚ ਇਕ ਹਵਾਈ ਜਹਾਜ਼ ਦੁਰਘਟਨਾ ਵਿੱਚ ਮੌਤ ਹੋ ਗਈ। ਅੰਗਰੇਜ਼ਾਂ ਨੇ ਆਜ਼ਾਦ ਹਿੰਦ ਫੌਜ ਦੇ ਸੈਨਿਕਾਂ ਨੂੰ ਕੈਦ ਕਰ ਲਿਆ। ਭਾਰਤੀ ਲੋਕਾਂ ਨੇ ਸਾਰੇ ਦੇਸ਼ ਵਿੱਚ ਹੜਤਾਲਾਂ ਕੀਤੀਆਂ ਅਤੇ ਜਲਸੇ ਕੀਤੇ। ਅੰਤ ਵਿੱਚ ਅੰਗਰੇਜ਼ਾਂ ਨੇ ਆਜ਼ਾਦ ਹਿੰਦ ਫੌਜ ਦੇ ਸਾਰੇ ਸੈਨਿਕਾਂ ਨੂੰ ਛੱਡ ਦਿੱਤਾ।

**22. ਗੁੱਟ-ਨਿਰਲੇਪ ਤੇ ਨੋਟ ਲਿਖੋ?**

ਉੱਤਰ- ਦੂਜੇ ਵਿਸ਼ਵ ਯੁੱਧ ਤੋਂ ਜਲਦੀ ਪਿੱਛੋਂ ਸੰਸਾਰ ਦੇ ਦੇਸ਼ ਇੱਕ ਦੂਜੇ ਦਾ ਵਿਰੋਧ ਕਰਨ ਦੇ ਅਧਾਰ 'ਤੇ ਦੋ ਗੁੱਟਾਂ ਪੱਛਮੀ ਬਲਾਕ (ਜਿਸ ਦਾ ਨੇਤਾ ਅਮਰੀਕਾ ਸੀ) ਅਤੇ ਪੂਰਬੀ ਬਲਾਕ (ਜਿਸ ਦਾ ਨੇਤਾ ਰੂਸ ਸੀ) ਵਿੱਚ ਵੰਡੇ ਗਏ । ਦੋਹਾਂ ਗੁੱਟਾਂ ਵਿਚਕਾਰ ਭਿਆਨਕ ਸ਼ੀਤ ਯੁੱਧ ਹੋਇਆ। ਭਾਰਤ ਕਿਸੇ ਵੀ ਸ਼ਕਤੀ ਗੁੱਟ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦਾ ਸੀ। ਇਸ ਲਈ ਭਾਰਤ ਨੇ ਦੂਜੇ ਦੇਸ਼ਾਂ ਨਾਲ ਮਿਲਕੇ ਗੁੱਟ-ਨਿਰਲੇਪ ਲਹਿਰ ਸ਼ੁਰੂ ਕੀਤੀ, ਜਿਸ ਦੇ ਪਿਤਾਮਾ ਪੰਡਿਤ ਜਵਾਹਰ ਲਾਲ ਨਹਿਰੂ, ਯੋਗੋਸਲਾਵੀਆ ਦੇ ਰਾਸ਼ਟਰਪਤੀ ਟੀਟੋ ਅਤੇ ਮਿਸਰ ਦੇ ਰਾਸ਼ਟਰਪਤੀ ਨਾਸਰ ਸਨ। ਗੁੱਟ-ਨਿਰਲੇਪ ਲਹਿਰ 1961 ਈ. ਵਿੱਚ ਸ਼ੁਰੂ ਕੀਤੀ ਗਈ। ਇਹ ਪੰਚਸ਼ੀਲ ਸਿਧਾਂਤਾਂ 'ਤੇ ਅਧਾਰਿਤ ਸੀ। ਇਸ ਦੇ ਸਾਰੇ ਮੈਂਬਰ ਕਿਸੇ ਵੀ ਸ਼ਕਤੀ ਗੁੱਟ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਸਨ। ਇਸ ਦੀ ਪਹਿਲੀ ਕਾਨਫਰੰਸ 1961 ਈ. ਵਿੱਚ ਬੈੱਲਗ੍ਰੇਡ ਵਿੱਚ ਹੋਈ । ਸ਼ੁਰੂ ਵਿੱਚ ਇਸ ਦੇ 25 ਦੇਸ਼ ਮੈਂਬਰ ਸਨ। ਹੁਣ 100 ਤੋਂ ਵੱਧ ਦੇਸ਼ ਇਸ ਦੇ ਮੈਂਬਰ ਹਨ।

**23. ਵਿਦੇਸ਼ ਨੀਤੀ ਬਾਰੇ ਤੁਹਾਡਾ ਕੀ ਭਾਵ ਹੈ?**

ਉੱਤਰ-ਭਾਰਤ ਨੇ ਆਜ਼ਾਦੀ ਪ੍ਰਾਪਤ ਕਰਨ ਤੋਂ ਪਿੱਛੋਂ ਸ਼ਾਂਤਮਈ ਸਹਿਹੋਂਦ ਸਿਧਾਂਤ 'ਤੇ ਅਧਾਰਿਤ ਅਨੋਖੀ ਵਿਦੇਸ਼ੀ ਨੀਤੀ ਅਪਣਾਈ ਹੈ। ਭਾਰਤ ਸਾਰੇ ਸੰਸਾਰ ਦੇ ਦੇਸ਼ਾਂ ਦੀ ਪ੍ਰਭੂਸੱਤਾ ਅਤੇ ਸੁਤੰਤਰਤਾ ਦਾ ਸਤਿਕਾਰ ਕਰਦਾ ਹੈ। ਭਾਰਤ ਇਸ ਗੱਲ ਵਿੱਚ ਵਿਸ਼ਵਾਸ ਕਰਦਾ ਹੈ ਕਿ ਸਾਰੇ ਧਰਮਾਂ, ਰਾਸ਼ਟਰਾਂ ਅਤੇ ਜਾਤੀਆਂ ਦੇ ਲੋਕ ਬਰਾਬਰ ਹਨ। ਇਹ ਦੇਸ਼ ਉਹਨਾਂ ਦੇ ਦੇਸ਼ਾਂ ਦੇ ਵਿਰੁੱਧ ਸੀ, ਜਿਨ੍ਹਾਂ ਦੀ ਸਰਕਾਰ ਰੰਗ, ਜਾਤੀ ਜਾਂ ਸ਼੍ਰੇਣੀ ਦੇ ਅਧਾਰ ਤੇ ਲੋਕਾਂ ਨਾਲ ਵਿਤਕਰਾ ਕਰਦੀ ਸੀ। ਭਾਰਤ ਇਸ ਗੱਲ ਵਿੱਚ ਵੀ ਵਿਸ਼ਵਾਸ ਕਰਦਾ ਹੈ ਕਿ ਸਾਰੇ ਅੰਤਰ-ਰਾਸ਼ਟਰੀ ਝਗੜਿਆਂ ਦਾ ਨਿਪਟਾਰਾ ਸ਼ਾਂਤਮਈ ਢੰਗਾਂ ਨਾਲ ਕੀਤਾ ਜਾ ਸਕਦਾ ਹੈ।

**24. ਸੰਪ੍ਰਦਾਇਕਤਾ 'ਤੇ ਨੋਟ ਲਿਖੋ।**

ਉੱਤਰ- ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ। ਇੱਥੇ ਸਾਰੇ ਧਰਮਾਂ ਦੇ ਲੋਕ ਰਹਿੰਦੇ ਹਨ, ਜਿਨ੍ਹਾਂ ਦੇ ਅਲੱਗ-ਅਲੱਗ ਧਾਰਮਿਕ ਵਿਸ਼ਵਾਸ ਹਨ। ਇਹਨਾਂ ਲੋਕਾਂ ਨੇ ਫਿਰਕੂ ਦੰਗੇ ਫਸਾਦ ਉਤਪੰਨ ਕੀਤੇ ਹਨ। ਬਹੁਤ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਸਰਕਾਰ ਨੂੰ ਕੁੱਝ ਘੱਟ ਗਿਣਤੀ ਵਾਲੇ ਲੋਕਾਂ ਵੱਲ ਧਿਆਨ ਦੇਣ ਦੀ ਲੋੜ ਹੈ।

**25. ਭਾਰਤ ਅਤੇ ਪਾਕਿਸਤਾਨ ਦੇ ਸੰਬੰਧਾਂ ਦਾ ਸੰਖੇਪ ਵਰਣਨ ਕਰੋ?**

ਉੱਤਰ- ਪਾਕਿਸਤਾਨ ਸਾਡੇ ਭਾਰਤ ਦੇ ਗੁਆਂਢੀ ਦੇਸ਼ਾਂ ਵਿੱਚੋਂ ਇੱਕ ਹੈ। ਭਾਰਤ ਇਸ ਨਾਲ ਆਪਣੇ ਮਿੱਤਰਤਾਪੂਰਨ ਸੰਬੰਧ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਦੇਸੀ ਰਿਆਸਤ ਕਸ਼ਮੀਰ ਦਾ ਭਾਰਤ ਨਾਲ ਏਕੀਕਰਣ ਕਰਨ ਨੂੰ ਪਾਕਿਸਤਾਨ ਦੁਆਰਾ ਮਾਨਤਾ ਨਹੀਂ ਦਿੱਤੀ ਗਈ ਸੀ। ਕਸ਼ਮੀਰ ਮਸਲੇ ਕਾਰਨ ਭਾਰਤ ਨੇ ਪਾਕਿਸਤਾਨ ਨਾਲ ਤਿੰਨ ਪ੍ਰਮੁੱਖ ਅਤੇ ਕਈ ਛੋਟੇ-ਮੋਟੇ ਯੁੱਧ ਲੜੇ ਹਨ। 1971 ਈ. ਵਿੱਚ ਭਾਰਤ-ਪਾਕਿਸਤਾਨ ਯੁੱਧ ਤੋਂ ਬਾਅਦ 1972 ਵਿੱਚ ਦੋਹਾਂ ਦੇਸ਼ਾਂ ਵਿਚਕਾਰ ਸ਼ਿਮਲਾ ਸਮਝੌਤਾ ਵੀ ਹੋਇਆ ਸੀ ਜਿਸ ਦਾ ਉਦੇਸ਼ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਾਰੇ ਝਗੜਿਆਂ ਦਾ ਸ਼ਾਂਤੀਪੂਰਵਕ ਹੱਲ ਕਰਨਾ ਸੀ। ਹੁਣ ਤੋਂ ਥੋੜ੍ਹੇ ਸਾਲ ਪਹਿਲਾਂ ਹੀ ਦੋਹਾਂ ਦੇਸ਼ਾਂ ਵਿੱਚਕਾਰ ਬੱਸ ਅਤੇ ਰੇਲ ਸਰਵਿਸ ਸ਼ੁਰੂ ਕੀਤੀ ਗਈ ਹੈ। ਇਸ ਸਰਵਿਸ ਦੁਆਰਾ ਦੋਹਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਦੋਸਤਾਨਾ ਸੰਬੰਧ ਕਾਇਮ ਹੋਏ ਹਨ।

**26. ਨਿਆਂ ਤੋਂ ਕੀ ਭਾਵ ਹੈ? ਇਸ ਆਦਰਸ਼ ਨੂੰ ਕਿਵੇਂ ਲਾਗੂ ਕੀਤਾ ਗਿਆ ਹੈ?**

ਉੱਤਰ- ਭਾਰਤ ਵਿੱਚ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਖੇਤਰ ਵਿੱਚ ਨਿਆਂ ਦਿੱਤਾ ਗਿਆ ਹੈ। ਨਿਆਂ ਤੋਂ ਭਾਵ ਹੈ ਕਿ ਜਾਤ-ਪਾਤ, ਧਰਮ, ਰੰਗ, ਨਸਲ ਆਦਿ ਦੇ ਆਧਾਰ 'ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾ ਸਕਦਾ। ਸਾਰੇ

ਨਾਗਰਿਕ ਕਾਨੂੰਨ ਦੇ ਸਾਹਮਣੇ ਬਰਾਬਰ ਹਨ। ਇਹਨਾਂ ਆਦਰਸ਼ਾਂ ਨੂੰ ਨਾਗਰਿਕਾਂ ਨੂੰ ਮੌਲਿਕ ਅਧਿਕਾਰ ਪ੍ਰਦਾਨ ਕਰਕੇ ਲਾਗੂ ਕੀਤਾ ਗਿਆ ਹੈ।

**27. ਸਮਾਨਤਾ ਤੋਂ ਕੀ ਭਾਵ ਹੈ? ਸੰਵਿਧਾਨ ਅਨੁਸਾਰ ਕਿਹੜੀਆਂ ਸਮਾਨਤਾਵਾਂ ਦਿੱਤੀਆਂ ਗਈਆਂ ਹਨ?**

ਉੱਤਰ- ਸਮਾਨਤਾ ਤੋਂ ਭਾਵ ਹੈ ਕਿ ਕਾਨੂੰਨ ਦੇ ਸਾਹਮਣੇ ਸਾਰੇ ਨਾਗਰਿਕ ਸਮਾਨ ਹਨ। ਸੰਵਿਧਾਨ ਦੇ ਅਨੁਛੇਦ 14 ਤੋਂ 18 ਤੱਕ ਵੱਖ-ਵੱਖ ਖੇਤਰਾਂ ਵਿੱਚ ਸਮਾਨਤਾ ਦਿੱਤੀ ਗਈ ਹੈ।

1. ਛੂਤ-ਛਾਤ ਨੂੰ ਸਮਾਪਤ ਕਰ ਦਿੱਤਾ ਗਿਆ ਹੈ।
2. ਕਿਸੇ ਵਿਸ਼ੇਸ਼ ਧਰਮ, ਜਾਤ, ਰੰਗ ਜਾਂ ਨਸਲ ਨੂੰ ਕੋਈ ਵਿਸ਼ੇਸ਼ ਅਧਿਕਾਰ ਪ੍ਰਾਪਤ ਨਹੀਂ ਹੈ।
3. ਸਮਾਨਤਾਵਾਂ ਨੂੰ ਲਾਗੂ ਕਰਨ ਲਈ ਨਿਆਂਪਾਲਿਕਾ ਨੂੰ ਵਿਸ਼ੇਸ ਅਧਿਕਾਰ ਦਿੱਤੇ ਗਏ ਹਨ।

**28. ਸੰਵਿਧਾਨ ਦੀ ਪ੍ਰਸਤਾਵਨਾ ਦੀ ਕੀ ਮਹੱਤਤਾ ਹੈ?**

ਉੱਤਰ- 1. ਪ੍ਰਸਤਾਵਨਾ ਵਿੱਚ ਸੰਵਿਧਾਨ ਦੇ ਮੁੱਖ ਉਦੇਸ਼, ਉਸਦੇ ਮੌਲਿਕ ਸਿਧਾਤਾਂ, ਉਸਦੇ ਆਦਰਸ਼ਾਂ ਆਦਿ ਦਾ ਵਰਣਨ ਕੀਤਾ ਗਿਆ ਹੈ।

2. ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸੰਵਿਧਾਨ ਦੇ ਆਦਰਸ਼- ਸੰਪੂਰਨ ਪ੍ਰਭੂਸੱਤਾ ਸੰਪੰਨ, ਧਰਮ-ਨਿਰਪੱਖਤਾ, ਸਭ ਨੂੰ ਬਰਾਬਰ ਨਿਆਂ, ਸਤੰਤਰਤਾ, ਸਮਾਨਤਾ, ਭਾਈਚਾਰਾ, ਰਾਸ਼ਟਰ ਦੀ ਏਕਤਾ ਅਤੇ ਅਖੰਡਤਾ, ਗਣਰਾਜ ਆਦਿ ਸ਼ਾਮਿਲ ਕੀਤੇ ਗਏ ਹਨ।

3. ਪ੍ਰਸਤਾਵਨਾ ਸੰਵਿਧਾਨ ਨਿਰਮਾਤਾਵਾਂ ਦੇ ਮਨਾਂ ਦੀ ਕੂੰਜੀ ਹੈ।

**29. ਰਾਸ਼ਟਰੀ ਏਕਤਾ ਅਤੇ ਅਖੰਡਤਾ ਤੋਂ ਕੀ ਭਾਵ ਹੈ? ਕੀ ਅਸੀਂ ਇਸ ਉਦੇਸ਼ ਨੂੰ ਪੂਰਾ ਕਰ ਸਕੇ ਹਾਂ?**

ਉੱਤਰ-42ਵੀਂ ਸੋਧ ਅਨੁਸਾਰ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ 'ਅਖੰਡਤਾ ਅਤੇ ਏਕਤਾ' ਸ਼ਬਦਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਤੋਂ ਭਾਵ ਹੈ ਕਿ ਭਾਰਤ ਵਿਚ ਵੱਖ-ਵੱਖ ਜਾਤਾਂ, ਧਰਮਾਂ, ਨਸਲਾਂ ਅਤੇ ਜਾਤੀਆਂ ਦੇ ਲੋਕ ਵੱਸਦੇ ਹੋਣ ਦੇ ਬਾਵਜੂਦ ਉਹ ਸਮੁੱਚੇ ਤੌਰ 'ਤੇ ਇੱਕ ਹੀ ਰਾਸ਼ਟਰ ਦਾ ਨਿਰਮਾਣ ਕਰਦੇ ਹਨ।

**30. ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਤੋਂ ਕੀ ਭਾਵ ਹੈ?**

**ਉੱਤਰ- <u>ਸਮਾਜਿਕ ਨਿਆਂ</u>-** ਸਮਾਜਿਕ ਨਿਆਂ ਤੋਂ ਭਾਵ ਹੈ ਕਿ ਜਾਤ-ਪਾਤ, ਧਰਮ, ਰੰਗ, ਨਸਲ ਆਦਿ ਦੇ ਆਧਾਰ 'ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾ ਸਕਦਾ।

**<u>ਆਰਥਿਕ ਨਿਆਂ</u>** – ਆਰਥਿਕ ਨਿਆਂ ਤੋਂ ਭਾਵ ਸਮਾਜ 'ਚੋਂ ਆਰਥਿਕ ਨਾ-ਬਰਾਬਰੀਆਂ ਦੂਰ ਕਰਕੇ ਆਰਥਿਕ ਅਨਿਆਂ ਨੂੰ ਦੂਰ ਕਰਨਾ। ਹਰੇਕ ਵਿਅਕਤੀ ਨੂੰ ਰੋਜ਼ੀ-ਰੋਟੀ ਕਮਾਉਣ ਲਈ ਬਰਾਬਰ ਮੌਕੇ ਅਤੇ ਬਰਾਬਰ ਕੰਮ ਲਈ ਬਰਾਬਰ ਤਨਖਾਹ ਦੇਣੀ।

**<u>ਰਾਜਨੀਤਿਕ ਨਿਆਂ</u>**- ਹਰ ਵਿਅਕਤੀ ਨੂੰ ਬਰਾਬਰ ਰਾਜਨੀਤਿਕ ਨਿਆਂ ਦੇਣ ਲਈ ਬਗੈਰ ਕਿਸੇ ਭੇਦ-ਭਾਵ ਦੇ ਵੋਟ ਦਾ ਅਧਿਕਾਰ, ਚੁਣੇ ਜਾਣ ਦਾ ਅਧਿਕਾਰ, ਸਰਕਾਰੀ ਅਹੁਦੇ ਪ੍ਰਾਪਤ ਕਰਨ ਦਾ ਅਧਿਕਾਰ ਅਤੇ ਸਰਕਾਰ ਦੀ ਆਲੋਚਨਾ ਦੀ ਸੁਤੰਤਰਤਾ ਆਦਿ ਰਾਜਨੀਤਿਕ ਨਿਆਂ ਦੇਣ ਦਾ ਉਪਰਾਲਾ ਹੈ।

**31. ਨਿਆਂਪਾਲਿਕਾ ਦੀ ਅਹਿਮੀਅਤ ਸੰਬੰਧੀ ਨੋਟ ਲਿਖੋ ।**

ਉੱਤਰ- ਲੋਕਤੰਤਰੀ ਸਰਕਾਰ ਵਿੱਚ ਨਿਆਂਪਾਲਿਕਾ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਸ ਨੂੰ 'ਸੰਵਿਧਾਨ ਦੀ ਰੱਖਿਅਕ' 'ਲੋਕਤੰਤਰ ਦੀ ਪਹਿਰੇਦਾਰ' ਅਤੇ ਅਧਿਕਾਰਾਂ ਅਤੇ ਸੁਤੰਤਰਤਾ ਦੀ ਸਮਰਥਕ ਮੰਨਿਆ ਜਾਂਦਾ ਹੈ। ਸੰਘਾਤਮਕ ਪ੍ਰਣਾਲੀ ਵਿੱਚ ਨਿਆਂਪਾਲਿਕਾ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਇਸ ਵਿੱਚ ਕੇਂਦਰ ਅਤੇ ਰਾਜਾਂ ਵਿਚਕਾਰ ਝਗੜਿਆਂ ਦਾ ਨਿਪਟਾਰਾ ਕਰਨ ਲਈ ਸੰਵਿਧਾਨ ਦੀ ਰਾਖੀ ਅਤੇ ਇਸਦੀ ਨਿਰਪੱਖ ਵਿਆਖਿਆ ਲਈ ਨਿਆਂਪਾਲਿਕਾ ਨੂੰ ਵਿਸ਼ੇਸ਼ ਭੂਮਿਕਾ ਨਿਭਾਉਣੀ ਪੈਂਦੀ ਹੈ। ਇਹ ਦੇਸ਼ ਦੇ ਨਾਗਰਿਕਾਂ ਦੇ ਅਧਿਕਾਰਾਂ ਅਤੇ ਸੁਤੰਤਰਤਾਵਾਂ ਦੀ ਰੱਖਿਆ ਕਰਦੀ ਹੈ। ਸਰਵ-ਉੱਚ ਅਦਾਲਤ ਅਤੇ ਉੱਚ ਅਦਾਲਤਾਂ ਆਪਣੇ ਤੋਂ ਹੇਠਲੀਆਂ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਅਪੀਲਾਂ ਸੁਣ ਸਕਦੀਆਂ ਹਨ। ਜੇਕਰ ਨਿਆਂਪਾਲਿਕਾ ਮਹਿਸੂਸ ਕਰੇ ਕਿ ਸੰਸਦ ਜਾਂ ਵਿਧਾਨ ਸਭਾਵਾਂ ਦੁਆਰਾ ਪਾਸ ਕੀਤਾ ਕੋਈ ਵੀ ਕਾਨੂੰਨ ਸੰਵਿਧਾਨ ਦੇ ਵਿਰੁੱਧ ਹੈ ਤਾਂ ਨਿਆਂਪਾਲਿਕਾ ਅਜਿਹੇ ਕਾਨੂੰਨ ਨੂੰ ਰੱਦ ਕਰ ਸਕਦੀ ਹੈ।

**32. ਨਿਆਂਪਾਲਿਕਾ ਦੇ ਵਿਸ਼ੇਸ ਅਧਿਕਾਰਾਂ ਸੰਬੰਧੀ ਨੋਟ ਲਿਖੋ ।**

ਉੱਤਰ -1. ਜ਼ਿਲ੍ਹਾ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਉੱਚ ਅਦਾਲਤ ਵਿੱਚ ਅਪੀਲ ਕੀਤੀ ਜਾ ਸਕਦੀ ਹੈ।

2. ਉੱਚ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਸਰਵ-ਉੱਚ ਅਦਾਲਤ ਵਿੱਚ ਅਪੀਲ ਕੀਤੀ ਜਾ ਸਕਦੀ ਹੈ ਅਤੇ ਸਰਵ-ਉੱਚ ਅਦਾਲਤ ਦੇ ਦਿੱਤੇ ਗਏ ਫੈਸਲੇ ਮੰਨਣ ਲਈ ਰਾਜਾਂ ਦੀਆਂ ਉੱਚ ਅਦਾਲਤਾਂ ਪਾਬੰਧ ਹੁੰਦੀਆਂ ਹਨ।

3. ਜੇਕਰ ਨਿਆਂਪਾਲਿਕਾ ਮਹਿਸੂਸ ਕਰੇ ਕਿ ਸੰਸਦ ਜਾਂ ਵਿਧਾਨ ਸਭਾਵਾਂ ਦੁਆਰਾ ਪਾਸ ਕੀਤਾ ਕੋਈ ਵੀ ਕਾਨੂੰਨ ਸੰਵਿਧਾਨ ਦੇ ਵਿਰੁੱਧ ਹੈ ਤਾਂ ਨਿਆਂਪਾਲਿਕਾ ਅਜਿਹੇ ਕਾਨੂੰਨ ਨੂੰ ਰੱਦ ਕਰ ਸਕਦੀ ਹੈ।

**33. ਭਾਰਤੀ ਨਿਆਂਇਕ ਪ੍ਰਣਾਲੀ ਬਾਰੇ ਨੋਟ ਲਿਖੋ ।**

ਉੱਤਰ- ਭਾਰਤ ਵਿਚ ਇਕਹਿਰੀ ਨਿਆਂਪਾਲਿਕਾ ਦੀ ਵਿਵਸਥਾ ਕੀਤੀ ਗਈ ਹੈ । ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਸਰਵ-ਉੱਚ ਅਦਾਲਤ (ਸੁਪਰੀਮ ਕੋਰਟ) ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਸਥਿੱਤ ਹੈ । ਪ੍ਰਾਂਤਾਂ ਦੀਆਂ ਆਪਣੀਆਂ-ਆਪਣੀਆਂ ਉੱਚ ਅਦਾਲਤਾਂ ਹਨ, ਜਿਨ੍ਹਾਂ ਨੂੰ ਹਾਈਕੋਰਟ ਕਿਹਾ ਜਾਂਦਾ ਹੈ । ਜ਼ਿਲ੍ਹਾ ਪੱਧਰ ਤੇ ਸ਼ੈਸ਼ਨ ਜੱਜ ਦੀਆਂ ਅਦਾਲਤਾਂ ਸਥਿੱਤ ਹਨ। ਤਹਿਸੀਲ ਪੱਧਰ 'ਤੇ ਉਪ ਮੰਡਲ ਮੈਜਿਸਟਰੇਟ ਹਨ । ਸਥਾਨਕ ਪੱਧਰ 'ਤੇ ਲੋਕਾਂ ਨੂੰ ਇਨਸਾਫ ਦੇਣ ਲਈ ਪਿੰਡ ਪੰਚਾਇਤ ਅਤੇ ਨਗਰਪਾਲਿਕਾ ਆਦਿ ਦਾ ਗਠਨ ਕੀਤਾ ਗਿਆ ਹੈ ।

**34. ਫ਼ੌਜਦਾਰੀ ਮਾਮਲੇ ਕਿਹੜੇ ਹੁੰਦੇ ਹਨ? ਸਿਵਿਲ ਅਤੇ ਫੌਜਦਾਰੀ ਮਾਮਲਿਆਂ ਵਿੱਚ ਅੰਤਰ ਲਿਖੋ ।**

ਉੱਤਰ - **ਫੌਜਦਾਰੀ ਮੁਕੱਦਮੇ**:- ਫੌਜਦਾਰੀ ਮੁਕੱਦਮੇ ਉਹ ਮਾਮਲੇ ਹਨ, ਜਿਨ੍ਹਾਂ ਵਿੱਚ ਮਾਰ-ਧਾੜ, ਲੜਾਈ- ਝਗੜੇ, ਗਾਲੀ-ਗਲੋਚ ਆਦਿ ਆਉਂਦੇ ਹਨ । ਜਦੋਂ ਕਿਸੇ ਦਾ ਸਰੀਰਕ ਨੁਕਸਾਨ ਹੁੰਦਾ ਹੈ, ਸੱਟ-ਫੇਟ ਜਾਂ ਕਿਸੇ ਅੰਗ ਦਾ ਨੁਕਸਨ ਹੁੰਦਾ ਹੈ, ਤਾਂ ਅਜਿਹੇ ਮਾਮਲੇ ਫੌਜਦਾਰੀ ਮੁਕੱਦਮੇ ਅਖਵਾਉਂਦੇ ਹਨ ।

**ਸਿਵਿਲ ਮੁਕਦਮੇ** - ਸਿਵਿਲ ਮੁਕੱਦਮੇ ਆਮ ਲੋਕਾਂ ਨਾਲ ਸੰਬੰਧਿਤ ਹੁੰਦੇ ਹਨ। ਇਹਨਾਂ ਮੁਕੱਦਮਿਆਂ ਵਿਚ ਨਾਗਰਿਕਾਂ ਦੇ ਮੌਲਿਕ ਅਧਿਕਾਰ, ਵਿਆਹ, ਤਲਾਕ ਜਾਇਦਾਦ, ਜ਼ਮੀਨੀ ਝਗੜੇ ਆਦਿ ਆਉਂਦੇ ਹਨ।

**35. F.I.R. ਕਿੱਥੇ ਦਰਜ਼ ਹੋ ਸਕਦੀ ਹੈ? ਐਫ. ਆਈ. ਆਰ. ਦਰਜ਼ ਨਾ ਹੋਣ 'ਤੇ ਅਦਾਲਤ ਦੀ ਭੂਮਿਕਾ ਲਿਖੋ ।**

ਉੱਤਰ- **F.I.R.** ਦਾ ਭਾਵ ਹੈ- **First Information Report** ਅਰਥਾਤ ਪਹਿਲੀ ਸੂਚਨਾ ਰਿਪੋਰਟ। ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਘਟਣ 'ਤੇ ਸਭ ਤੋਂ ਪਹਿਲਾ ਪੁਲਿਸ ਨੂੰ ਸੂਚਿਤ ਕਰਨਾ ਹੁੰਦਾ ਹੈ। ਇਹ ਪਹਿਲੀ ਕਾਰਵਾਈ ਰਿਪੋਰਟ ਹੈ। ਕਿਸੇ ਘਟਨਾ ਜਾਂ ਦੁਰਘਟਨਾ ਦੀ ਰਿਪੋਰਟ (**F.I.R.**) ਦਰਜ ਕਰਨ ਤੋਂ ਕੋਈ ਪੁਲਿਸ ਕੇਂਦਰ ਇਨਕਾਰ ਨਹੀਂ ਕਰ ਸਕਦਾ। ਪ੍ਰੰਤੂ ਫਿਰ ਵੀ ਜੇਕਰ ਕੋਈ ਪੁਲਿਸ ਚੌਂਕੀ ਰਿਪੋਰਟ ਦਰਜ ਕਰਨ ਤੋਂ ਇਨਕਾਰ ਕਰਦੀ ਹੈ ਤਾਂ ਅਦਾਲਤ ਵਿੱਚ ਪਹੁੰਚ ਕੀਤੀ ਜਾ ਸਕਦੀ ਹੈ। ਅਦਾਲਤ ਪੁਲਿਸ ਨੂੰ **F.I.R.** ਦਰਜ ਕਰਨ ਸੰਬੰਧੀ ਹੁਕਮ ਦੇ ਸਕਦੀ ਹੈ ।

**36. ਨਿਆਂਇਕ ਪੁਨਰ ਨਿਰੀਖਣ ਦੀ ਸ਼ਕਤੀ ਤੋਂ ਕੀ ਭਾਵ ਹੈ?**

ਉੱਤਰ- ਨਿਆਂਇਕ ਪੁਨਰ ਨਿਰੀਖਣ ਨਿਆਂਪਾਲਿਕਾ ਦੀ ਵਿਸ਼ੇਸ਼ ਸ਼ਕਤੀ ਹੈ। ਇਸ ਅਨੁਸਾਰ ਨਿਆਂਪਾਲਿਕਾ ਦੇਖਦੀ ਹੈ ਕਿ ਕਾਰਜਪਾਲਿਕਾ ਦੁਆਰਾ ਜਾਰੀ ਕੀਤਾ ਗਿਆ ਕੋਈ ਆਦੇਸ਼ ਜਾਂ ਵਿਧਾਨਪਾਲਿਕਾ ਦੁਆਰਾ ਪਾਸ ਕੀਤਾ ਗਿਆ ਕੋਈ ਕਾਨੂੰਨ ਸੰਵਿਧਾਨ ਦੇ ਵਿਰੁੱਧ ਤਾਂ ਨਹੀਂ ਹੈ । ਜੇਕਰ ਨਿਆਂਪਾਲਿਕਾ ਅਜਿਹਾ ਮਹਿਸੂਸ ਕਰਦੀ ਹੈ ਤਾਂ ਅਜਿਹੇ ਕਾਨੂੰਨ ਜਾਂ ਆਦੇਸ਼ ਨੂੰ ਰੱਦ ਕੀਤਾ ਜਾ ਸਕਦਾ ਹੈ । ਅੱਜ ਭਾਰਤ ਵਿੱਚ ਨਿਆਂਇਕ ਪੁਨਰ ਨਿਰੀਖਣ ਸ਼ਕਤੀ ਦਾ ਪ੍ਰਯੋਗ ਕਰਕੇ ਨਿਆਂਪਾਲਿਕਾ ਸੰਵਿਧਾਨ ਦੀ ਪਹਿਰੇਦਾਰ ਬਣੀ ਹੋਈ ਹੈ।

**37. ਸੰਪਰਦਾਇਕਤਾਵਾਦ (ਸੰਪਰਦਾਇਕ ਅਸਮਾਨਤਾ) ਦੇ ਪ੍ਰਭਾਵਾਂ ਦਾ ਵਰਣਨ ਕਰੋ ।**

ਉੱਤਰ- **1.** ਧਰਮ 'ਤੇ ਅਧਾਰਿਤ ਰਾਜਨੀਤਿਕ ਦਲਾਂ ਦਾ ਗਠਨ।

**2.** ਧਰਮ ਦੇ ਆਧਾਰ 'ਉੱਤੇ ਹੋਂਦ ਵਿੱਚ ਆਏ ਕਈ ਦਬਾਉ ਸਮੂਹ ਵੀ ਭਾਰਤੀ ਲੋਕਤੰਤਰ ਨੂੰ ਪ੍ਰਭਾਵਿਤ ਕਰ ਰਹੇ ਹਨ ।

**3.** ਭਾਰਤੀ ਜਨ ਜੀਵਨ ਵਿੱਚ ਹਿੰਸਾ ਦੇ ਵਾਧੇ ਲਈ ਸੰਪਰਦਾਇਕਤਾ ਕਾਫੀ ਹੱਦ ਤੱਕ ਜ਼ਿੰਮੇਵਾਰ ਹੈ।

**4.** ਸੰਪਰਦਾਇਕਤਾ ਲੋਕਾਂ ਦੇ ਮਤਦਾਨ ਵਿਹਾਰ ਨੂੰ ਕਾਫੀ ਜ਼ਿਆਦਾ ਪ੍ਰਭਾਵਿਤ ਕਰ ਰਹੀ ਹੈ ।

**38. ਸਰਵ ਸਿੱਖਿਆ ਅਭਿਆਨ 'ਤੇ ਇਕ ਨੋਟ ਲਿਖੋ ।**

ਉੱਤਰ- ਭਾਰਤ ਸਰਕਾਰ ਨੇ ਦੇਸ਼ ਵਿੱਚੋਂ ਅਨਪੜ੍ਹਤਾ ਨੂੰ ਰੋਕਣ ਅਤੇ ਸਾਖ਼ਰਤਾ ਨੂੰ ਵਧਾਉਣ ਲਈ **2001** ਵਿੱਚ ਸਰਵ ਸਿੱਖਿਆ ਅਭਿਆਨ ਸ਼ੁਰੂ ਕੀਤਾ । ਇਸ ਅਭਿਆਨ ਤਹਿਤ ਪਹਿਲੀ ਤੋਂ ਅੱਠਵੀਂ ਜਮਾਤ ਤੱਕ **6** ਤੋਂ **14** ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ

ਮੁਫ਼ਤ ਅਤੇ ਲਾਜ਼ਮੀ ਸਿੱਖਿਆ ਜ਼ਰੂਰੀ ਕੀਤੀ ਗਈ ਹੈ। ਸਿੱਖਿਆ ਸੰਸਥਾਵਾਂ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ ਹੈ। ਸਿੱਖਿਆ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਵਿਚ ਸ਼ਾਮਿਲ ਕੀਤਾ ਗਿਆ ਹੈ।

**39. ਸੀਮਾਂਤ ਗਰੁੱਪ ਕਿੰਨ੍ਹਾਂ ਨੂੰ ਕਿਹਾ ਜਾਂਦਾ ਹੈ? ਇਸ ਦੀਆਂ ਕਿਸਮਾਂ ਲਿਖੋ।**

ਉੱਤਰ- ਸੀਮਾਂਤ ਗਰੁੱਪ ਸਾਡੇ ਸਮਾਜ ਦੇ ਅਜਿਹੇ ਸਮੂਹ ਹਨ ਜਿਹੜੇ ਸਮਾਜਿਕ ਅਤੇ ਆਰਥਿਕ ਕਾਰਨਾਂ ਕਰਕੇ ਲੰਮੇ ਸਮੇਂ ਤੋਂ ਅਣਗੌਲੇ ਜਾਂਦੇ ਰਹੇ ਹਨ। ਸੀਮਾਂਤ ਗਰੁੱਪ ਦੀਆਂ ਮੁੱਖ ਕਿਸਮਾਂ ਹਨ-

1. ਅਨੁਸੂਚਿਤ ਜਾਤੀਆਂ 2. ਅਨੁਸੂਚਿਤ ਕਬੀਲੇ 3. ਪੱਛੜੀਆਂ ਸ਼੍ਰੇਣੀਆਂ 4. ਘੱਟ ਗਿਣਤੀ

**40. ਜਾਤੀਵਾਦ ਦਾ ਭਾਰਤੀ ਲੋਕਤੰਤਰ 'ਤੇ ਪ੍ਰਭਾਵ ਲਿਖੋ।**

ਉੱਤਰ- 1. ਜਾਤੀ ਦੇ ਆਧਾਰ 'ਤੇ ਰਾਜਨੀਤਿਕ ਪਾਰਟੀਆਂ ਦਾ ਨਿਰਮਾਣ ਹੋ ਰਿਹਾ ਹੈ।

2. ਚੋਣਾਂ ਸਮੇਂ ਜਾਤੀ ਦੇ ਨਾਂ ਉੱਤੇ ਵੋਟਾਂ ਮੰਗੀਆਂ ਜਾਂਦੀਆਂ ਹਨ।

3. ਜਾਤੀ ਦੇ ਅਧਾਰ 'ਤੇ ਸੰਘਰਸ਼ ਅਤੇ ਹਿੰਸਾ ਕੀਤੀ ਜਾਂਦੀ ਹੈ।

4. ਜਾਤੀ ਦੇ ਅਧਾਰ 'ਤੇ ਛੂਤ-ਛਾਤ ਕੀਤੀ ਜਾਂਦੀ ਹੈ।

**41. ਰਾਖਵਾਂਕਰਨ ਕੀ ਹੈ? ਰਾਖਵੇਂਕਰਨ ਦੀ ਲੋੜ ਕਿਉਂ ਹੈ?**

ਉੱਤਰ- ਸਦੀਆਂ ਤੋਂ ਗੁਲਾਮ ਪੱਛੜੀਆਂ ਜਾਤੀਆਂ ਲਈ ਭਾਰਤੀ ਸੰਵਿਧਾਨ ਅਨੁਸਾਰ ਰਾਖਵਾਂਕਰਨ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਹ ਰਾਖਵਾਂਕਰਨ ਉਹਨਾਂ ਜਾਤੀਆਂ ਲਈ ਸੀ ਜਿਹੜੇ ਸਦੀਆਂ ਤੋਂ ਅਮਾਨਵੀ ਜੀਵਨ ਬਤੀਤ ਕਰ ਰਹੇ ਸਨ। ਸਦੀਆਂ ਤੋਂ ਇਹ ਵਰਗ ਸ਼ੋਸ਼ਣ ਦਾ ਸ਼ਿਕਾਰ ਸੀ। ਸੰਵਿਧਾਨ ਦੀ ਧਾਰਾ 330 ਅਤੇ 332 ਅਧੀਨ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਲਈ ਲੋਕ ਸਭਾ, ਰਾਜ ਵਿਧਾਨ ਸਭਾ ਅਤੇ ਸਰਕਾਰੀ ਨੌਕਰੀਆਂ ਵਿੱਚ ਇਹਨਾਂ ਦੀ ਜਨਸੰਖਿਆ ਦੇ ਅਨੁਪਾਤ ਅਨੁਸਾਰ ਰਾਖਵਾਂਕਰਨ ਰੱਖੇ ਜਾਣ ਦੀ ਵਿਵਸਥਾ ਹੈ। ਇਹਨਾਂ ਜਾਤੀਆਂ ਨੂੰ ਸਮਾਜ ਵਿੱਚ ਉੱਪਰ ਉਠਾਉਣ ਲਈ ਰਾਖਵੇਂਕਰਨ ਦੀ ਲੋੜ ਹੈ।

## ਸਰੋਤ ਅਧਾਰਿਤ ਪ੍ਰਸ਼ਨ (ਅਭਿਆਸ)

**1.** ਦਸਤਕਾਰੀ ਅਤੇ ਉਦਯੋਗ ਮਨੁੱਖੀ ਜੀਵਨ ਅਤੇ ਅਰਥਵਿਵਸਥਾ ਦੇ ਮਹੱਤਵਪੂਰਨ ਅੰਗ ਹਨ। ਭਾਰਤ ਵਿੱਚ ਦਸਤਕਾਰੀ ਦਾ ਇਤਿਹਾਸ ਬਹੁਤ ਪੁਰਾਣਾ ਹੈ। ਪ੍ਰਾਚੀਨ ਸਮੇਂ ਤੋਂ ਹੀ ਕਾਰੀਗਰ ਹੱਥ ਨਾਲ ਸੁੰਦਰ ਅਤੇ ਉਪਯੋਗੀ ਵਸਤਾਂ ਤਿਆਰ ਕਰਦੇ ਆ ਰਹੇ ਹਨ। ਦਸਤਕਾਰੀ ਵਿੱਚ ਕੱਪੜਾ ਬੁਣਾਈ, ਮਿੱਟੀ ਦੇ ਬਰਤਨ, ਲੱਕੜ ਦੀ ਨੱਕਾਸ਼ੀ, ਧਾਤੂ ਕਲਾ ਅਤੇ ਗਹਿਣੇ ਬਣਾਉਣਾ ਆਦਿ ਸ਼ਾਮਿਲ ਹਨ। ਇਹ ਉਦਯੋਗ ਆਮ ਤੌਰ 'ਤੇ ਘਰੇਲੂ ਜਾਂ ਛੋਟੇ ਪੱਧਰ 'ਤੇ ਚਲਾਇਆ ਜਾਂਦਾ ਹੈ ਅਤੇ ਇਸ ਵਿੱਚ ਘੱਟ ਪੂੰਜੀ ਦੀ ਲੋੜ ਹੁੰਦੀ ਹੈ। ਦਸਤਕਾਰੀ ਉਦਯੋਗ ਪਿੰਡਾਂ ਦੇ ਲੋਕਾਂ ਲਈ ਰੋਜ਼ਗਾਰ ਦਾ ਵੱਡਾ ਸਰੋਤ ਹੈ ਅਤੇ ਇਹ ਉਨ੍ਹਾਂ ਦੀ ਆਮਦਨੀ ਵਧਾਉਂਦਾ ਹੈ।

ਦੂਜੇ ਪਾਸੇ, ਆਧੁਨਿਕ ਉਦਯੋਗ ਮਸ਼ੀਨਾਂ ਅਤੇ ਨਵੀਂ ਤਕਨਾਲੋਜੀ 'ਤੇ ਆਧਾਰਿਤ ਹੁੰਦੇ ਹਨ। ਇਨ੍ਹਾਂ ਉਦਯੋਗਾਂ ਵਿੱਚ ਵੱਡੇ ਕਾਰਖਾਨੇ, ਵੱਡੀ ਪੂੰਜੀ ਅਤੇ ਵੱਡੀ ਗਿਣਤੀ ਵਿੱਚ ਮਜ਼ਦੂਰ ਕੰਮ ਕਰਦੇ ਹਨ। ਆਧੁਨਿਕ ਉਦਯੋਗਾਂ ਵਿੱਚ ਕੱਪੜਾ ਉਦਯੋਗ, ਲੋਹਾ ਅਤੇ ਸਟੀਲ ਉਦਯੋਗ, ਗੱਡੀਆਂ ਬਣਾਉਣ ਦਾ ਉਦਯੋਗ ਅਤੇ ਰਸਾਇਣਿਕ ਉਦਯੋਗ ਸ਼ਾਮਿਲ ਹਨ। ਇਨ੍ਹਾਂ ਵਿੱਚ ਉਤਪਾਦਨ ਤੇਜ਼ੀ ਨਾਲ ਅਤੇ ਵੱਡੇ ਪੈਮਾਨੇ 'ਤੇ ਹੁੰਦਾ ਹੈ, ਜਿਸ ਨਾਲ ਦੇਸ਼ ਦੀ ਅਰਥਵਿਵਸਥਾ ਮਜ਼ਬੂਤ ਹੁੰਦੀ ਹੈ।

ਦਸਤਕਾਰੀ ਅਤੇ ਆਧੁਨਿਕ ਉਦਯੋਗ ਦੋਵੇਂ ਹੀ ਆਪਣੀ-ਆਪਣੀ ਥਾਂ ਮਹੱਤਵਪੂਰਨ ਹਨ। ਜਿੱਥੇ ਦਸਤਕਾਰੀ ਉਦਯੋਗ ਸੱਭਿਆਚਾਰਕ ਵਿਰਾਸਤ ਨੂੰ ਸੰਭਾਲ ਕੇ ਰੱਖਦਾ ਹੈ, ਉੱਥੇ ਆਧੁਨਿਕ ਉਦਯੋਗ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਂਦਾ ਹੈ। ਇਸ ਲਈ ਦੋਵੇਂ ਉਦਯੋਗਾਂ ਦਾ ਸੰਤੁਲਿਤ ਵਿਕਾਸ ਦੇਸ਼ ਦੀ ਤਰੱਕੀ ਲਈ ਜ਼ਰੂਰੀ ਹੈ।

**ਓਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

(i) ਦਸਤਕਾਰੀ ਉਦਯੋਗ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ। (2)

(ii) ਦਸਤਕਾਰੀ ਉਦਯੋਗ ਅਤੇ ਆਧੁਨਿਕ ਉਦਯੋਗਾਂ ਵਿੱਚ ਕੋਈ ਦੋ ਅੰਤਰ ਲਿਖੋ। (2)

(iii) ਦਸਤਕਾਰੀ ਉਦਯੋਗ ਪਿੰਡਾਂ ਦੇ ਲੋਕਾਂ ਲਈ ਕਿਵੇਂ ਲਾਭਦਾਇਕ ਹੈ? ਵਿਸਥਾਰ ਵਿੱਚ ਦੱਸੋ? (2)

2. ਭਾਰਤੀ ਸਮਾਜ ਵਿੱਚ ਜਾਤੀ-ਪ੍ਰਥਾ ਇੱਕ ਬਹੁਤ ਪੁਰਾਣੀ ਸਮਾਜਿਕ ਪ੍ਰਣਾਲੀ ਰਹੀ ਹੈ। ਇਸ ਪ੍ਰਣਾਲੀ ਅਨੁਸਾਰ ਲੋਕਾਂ ਨੂੰ ਉਹਨਾਂ ਦੇ ਜਨਮ ਦੇ ਆਧਾਰ 'ਤੇ ਵੱਖ-ਵੱਖ ਜਾਤਾਂ ਅਤੇ ਵਰਗਾਂ ਵਿੱਚ ਵੰਡਿਆ ਜਾਂਦਾ ਸੀ। ਇਸ ਵੰਡ ਕਾਰਨ ਕੁੱਝ ਵਰਗਾਂ ਨੂੰ ਉੱਚਾ ਅਤੇ ਕੁੱਝ ਨੂੰ

ਨੀਵਾਂ ਸਮਝਿਆ ਜਾਂਦਾ ਸੀ, ਜਿਸ ਨਾਲ ਸਮਾਜ ਵਿੱਚ ਭੇਦ-ਭਾਵ, ਅਸਮਾਨਤਾ ਅਤੇ ਅਨਿਆਂ ਪੈਦਾ ਹੋਇਆ। ਨੀਵੀਂ ਜਾਤੀ ਦੇ ਲੋਕਾਂ ਨੂੰ ਸਿੱਖਿਆ, ਰੋਜ਼ਗਾਰ, ਧਾਰਮਿਕ ਸਥਾਨਾਂ ਅਤੇ ਸਮਾਜਿਕ ਗਤੀਵਿਧੀਆਂ ਤੋਂ ਵੰਚਿਤ ਰੱਖਿਆ ਜਾਂਦਾ ਸੀ। ਛੂਆ-ਛੂਤ ਵਰਗੀਆਂ ਕੁਰੀਤੀਆਂ ਨੇ ਮਨੁੱਖੀ ਗੌਰਵ ਨੂੰ ਠੇਸ ਪਹੁੰਚਾਈ।

ਸਮੇਂ ਦੇ ਨਾਲ-ਨਾਲ ਕਈ ਸਮਾਜ ਸੁਧਾਰਕਾਂ ਅਤੇ ਵਿਚਾਰਕਾਂ ਨੇ ਜਾਤੀ ਪ੍ਰਥਾ ਦਾ ਖੁਲ੍ਹ ਕੇ ਵਿਰੋਧ ਕੀਤਾ। ਮਹਾਤਮਾ ਗਾਂਧੀ ਨੇ ਹਰੀਜਨ ਅੰਦੋਲਨ ਰਾਹੀਂ ਸਮਾਜ ਵਿੱਚ ਬਰਾਬਰੀ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਡਾ. ਭੀਮ ਰਾਓ ਅੰਬੇਦਕਰ ਨੇ ਜਾਤੀ ਭੇਦ-ਭਾਵ ਦੇ ਖ਼ਿਲਾਫ਼ ਸੰਘਰਸ਼ ਕੀਤਾ। ਉਨ੍ਹਾਂ ਦੇ ਯਤਨਾਂ ਸਦਕਾ ਭਾਰਤੀ ਸੰਵਿਧਾਨ ਵਿੱਚ ਸਮਾਨਤਾ ਦਾ ਅਧਿਕਾਰ ਸ਼ਾਮਿਲ ਕੀਤਾ ਗਿਆ।

ਭਾਰਤੀ ਸੰਵਿਧਾਨ ਨੇ ਕਾਨੂੰਨੀ ਤੌਰ ‘ਤੇ ਜਾਤੀ ਭੇਦ-ਭਾਵ ਨੂੰ ਗੈਰ-ਕਾਨੂੰਨੀ ਘੋਸ਼ਿਤ ਕੀਤਾ ਅਤੇ ਛੂਆ-ਛੂਤ ਨੂੰ ਅਪਰਾਧ ਕਰਾਰ ਦਿੱਤਾ। ਸੰਵਿਧਾਨ ਦੇ ਅਨੁਛੇਦ 14, 15 ਅਤੇ 17 ਸਭ ਨਾਗਰਿਕਾਂ ਨੂੰ ਕਾਨੂੰਨ ਅੱਗੇ ਬਰਾਬਰੀ ਦਾ ਹੱਕ ਦਿੰਦੇ ਹਨ। ਇਸ ਤੋਂ ਇਲਾਵਾ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਲਈ ਵਿਸ਼ੇਸ਼ ਪ੍ਰਬੰਧ ਕਰਕੇ ਉਨ੍ਹਾਂ ਨੂੰ ਸਿੱਖਿਆ ਅਤੇ ਰੋਜ਼ਗਾਰ ਵਿੱਚ ਅਵਸਰ ਪ੍ਰਦਾਨ ਕੀਤੇ ਗਏ।

ਅੱਜ ਦੇ ਸਮੇਂ ਵਿੱਚ ਸਿੱਖਿਆ, ਜਾਗਰੂਕਤਾ, ਮੀਡੀਆ ਅਤੇ ਕਾਨੂੰਨੀ ਕਦਮਾਂ ਰਾਹੀਂ ਜਾਤੀ ਪ੍ਰਥਾ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਸਕੂਲਾਂ ਵਿੱਚ ਸਮਾਨਤਾ ਅਤੇ ਮਨੁੱਖੀ ਅਧਿਕਾਰਾਂ ਬਾਰੇ ਸਿੱਖਿਆ ਦਿੱਤੀ ਜਾਂਦੀ ਹੈ। ਸਮਾਜਿਕ ਅੰਦੋਲਨ ਅਤੇ ਸਰਕਾਰੀ ਯੋਜਨਾਵਾਂ ਲੋਕਾਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਗਰੂਕ ਕਰ ਰਹੀਆਂ ਹਨ। ਹਾਲਾਂਕਿ ਅਜੇ ਵੀ ਕਈ ਚੁਣੌਤੀਆਂ ਮੌਜੂਦ ਹਨ, ਪਰ ਸਮਾਨਤਾ ਅਤੇ ਨਿਆਂਯੁਕਤ ਸਮਾਜ ਦੀ ਸਥਾਪਨਾ ਵੱਲ ਲਗਾਤਾਰ ਯਤਨ ਜਾਰੀ ਹਨ।

**ਓਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

i. ਜਾਤੀ-ਪ੍ਰਥਾ ਨੇ ਭਾਰਤੀ ਸਮਾਜ ‘ਤੇ ਕਿਹੜੇ ਦੋ ਨਕਾਰਾਤਮਕ ਪ੍ਰਭਾਵ ਪਾਏ? (2)

ii. ਜਾਤੀ-ਪ੍ਰਥਾ ਨੂੰ ਚੁਣੌਤੀ ਦੇਣ ਵਿੱਚ ਮਹਾਤਮਾ ਗਾਂਧੀ ਅਤੇ ਡਾ. ਬੀ. ਆਰ. ਅੰਬੇਦਕਰ ਦੀ ਭੂਮਿਕਾ ਦੋ ਬਿੰਦੂਆਂ ਵਿੱਚ ਲਿਖੋ। (2)

iii. ਜਾਤੀ ਭੇਦ-ਭਾਵ ਨੂੰ ਖਤਮ ਕਰਨ ਲਈ ਭਾਰਤੀ ਸੰਵਿਧਾਨ ਵੱਲੋਂ ਕੀਤੇ ਗਏ ਦੋ ਮਹੱਤਵਪੂਰਨ ਕਦਮ ਲਿਖੋ। (2)

3. 1600 ਈ. ਵਿੱਚ ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੇਥ ਪਹਿਲੀ ਨੇ ਕੁੱਝ ਵਪਾਰੀਆਂ ਨੂੰ ਭਾਰਤ ਨਾਲ ਵਪਾਰ ਕਰਨ ਦੀ ਇਜਾਜ਼ਤ ਦਿੱਤੀ। ਇਸ ਤਰ੍ਹਾਂ ਈਸਟ ਇੰਡੀਆ ਕੰਪਨੀ ਦੀ ਸਥਾਪਨਾ ਹੋਈ। ਸ਼ੁਰੂ ਵਿੱਚ ਕੰਪਨੀ ਦਾ ਮਕਸਦ ਸਿਰਫ਼ ਵਪਾਰ ਕਰਨਾ ਸੀ। ਕੰਪਨੀ ਭਾਰਤ ਤੋਂ ਮਸਾਲੇ, ਕੱਪੜੇ, ਨੀਲ ਅਤੇ ਰੇਸ਼ਮ ਇੰਗਲੈਂਡ ਭੇਜਦੀ ਸੀ। ਭਾਰਤ ਵਿੱਚ ਵਪਾਰ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਕੰਪਨੀ ਨੇ ਸੂਰਤ, ਮਦਰਾਸ (ਚੇਨਈ), ਬੰਬੇ (ਮੁੰਬਈ) ਅਤੇ ਕਲਕੱਤਾ (ਕੋਲਕਾਤਾ) ਵਿੱਚ ਆਪਣੇ ਵਪਾਰਿਕ ਕੇਂਦਰ ਸਥਾਪਿਤ ਕੀਤੇ। ਸਮੇਂ ਦੇ ਨਾਲ-ਨਾਲ ਈਸਟ ਇੰਡੀਆ ਕੰਪਨੀ ਨੇ ਭਾਰਤੀ ਰਾਜਿਆਂ ਦੀ ਆਪਸੀ ਫੁੱਟ ਦਾ ਫਾਇਦਾ ਚੁੱਕਿਆ ਅਤੇ ਆਪਣੀ ਫੌਜ ਤਿਆਰ ਕਰ ਲਈ। ਵਪਾਰ ਦੇ ਨਾਲ-ਨਾਲ ਕੰਪਨੀ ਨੇ ਭਾਰਤੀ ਰਾਜਨੀਤੀ ਵਿੱਚ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ। 1757 ਈ. ਵਿੱਚ ਪਲਾਸੀ ਦੀ ਲੜਾਈ ਅਤੇ 1764 ਈ. ਵਿੱਚ ਬਕਸਰ ਦੀ ਲੜਾਈ ਤੋਂ ਬਾਅਦ ਕੰਪਨੀ ਦੀ ਸ਼ਕਤੀ ਕਾਫ਼ੀ ਵੱਧ ਗਈ। ਇਸ ਤਰ੍ਹਾਂ ਇੱਕ ਵਪਾਰਕ ਕੰਪਨੀ ਹੌਲੀ-ਹੌਲੀ ਭਾਰਤ ਵਿੱਚ ਸ਼ਾਸਕ ਸ਼ਕਤੀ ਬਣ ਗਈ।

**ਓਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

i. ਈਸਟ ਇੰਡੀਆ ਕੰਪਨੀ ਦੀ ਸਥਾਪਨਾ ਕਦੋਂ ਅਤੇ ਕਿਸ ਦੇ ਸ਼ਾਸਨ ਦੌਰਾਨ ਹੋਈ? (2)

ii ਈਸਟ ਇੰਡੀਆ ਕੰਪਨੀ ਭਾਰਤ ਤੋਂ ਕਿਹੜੀਆਂ ਦੋ ਵਸਤਾਂ ਦਾ ਵਪਾਰ ਕਰਦੀ ਸੀ? (2)

iii. ਈਸਟ ਇੰਡੀਆ ਕੰਪਨੀ ਕਿਵੇਂ ਵਪਾਰਕ ਸੰਸਥਾ ਤੋਂ ਸ਼ਾਸਕ ਸ਼ਕਤੀ ਬਣ ਗਈ? (2)

4. ਭਾਰਤ ਵਿੱਚ ਅੰਗਰੇਜ਼ੀ ਹਕੂਮਤ ਦੇ ਵਿਰੁੱਧ ਸੰਘਰਸ਼ ਦੀ ਸ਼ੁਰੂਆਤ 1857 ਈ. ਦੇ ਮਹਾਨ ਵਿਦਰੋਹ ਨਾਲ ਮੰਨੀ ਜਾਂਦੀ ਹੈ, ਜਿਸਨੂੰ ਭਾਰਤ ਦੀ ਪਹਿਲੀ ਆਜ਼ਾਦੀ ਦੀ ਜੰਗ ਕਿਹਾ ਜਾਂਦਾ ਹੈ। ਇਸ ਘਟਨਾ ਤੋਂ ਬਾਅਦ ਰਾਸ਼ਟਰੀ ਅੰਦੋਲਨ ਵੱਖ-ਵੱਖ ਪੜਾਵਾਂ ਵਿੱਚ ਅੱਗੇ ਵਧਿਆ। 1885 ਈ. ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਹੋਈ, ਜਿਸ ਦਾ ਮੁੱਖ ਉਦੇਸ਼ ਅੰਗਰੇਜ਼ ਸਰਕਾਰ ਅੱਗੇ ਭਾਰਤੀਆਂ ਦੀਆਂ ਸਮੱਸਿਆਵਾਂ ਰੱਖਣਾ ਅਤੇ ਪ੍ਰਸ਼ਾਸਨ ਵਿੱਚ ਭਾਰਤੀਆਂ ਦੀ ਭਾਗੀਦਾਰੀ ਵਧਾਉਣਾ ਸੀ।

1905 ਈ. ਵਿੱਚ ਲਾਰਡ ਕਰਜ਼ਨ ਵੱਲੋਂ ਬੰਗਾਲ ਦੀ ਵੰਡ ਕਰਨ ਨਾਲ ਲੋਕਾਂ ਵਿੱਚ ਭਾਰੀ ਅਸੰਤੋਸ਼ ਫੈਲ ਗਿਆ। ਇਸ ਦੇ ਨਤੀਜੇ ਵਜੋਂ ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਦੀ ਸ਼ੁਰੂਆਤ ਹੋਈ, ਜਿਸ ਅਧੀਨ ਵਿਦੇਸ਼ੀ ਸਮਾਨ ਦਾ ਬਾਈਕਾਟ ਅਤੇ ਦੇਸੀ ਵਸਤਾਂ ਦੀ ਵਰਤੋਂ ‘ਤੇ ਜ਼ੋਰ ਦਿੱਤਾ ਗਿਆ। ਇਹ ਅੰਦੋਲਨ ਜਲਦੀ ਹੀ ਬੰਗਾਲ ਤੋਂ ਬਾਹਰ ਦੇਸ਼ ਦੇ ਹੋਰ ਹਿੱਸਿਆਂ ਤੱਕ ਫੈਲ ਗਿਆ।

ਇਸ ਦੌਰਾਨ 1906 ਈ. ਵਿੱਚ ਮੁਸਲਿਮ ਲੀਗ ਦੀ ਸਥਾਪਨਾ ਹੋਈ ਅਤੇ 1907 ਈ. ਵਿੱਚ ਕਾਂਗਰਸ ਅੰਦਰ ਨਰਮਪੰਥੀ ਅਤੇ ਗਰਮਪੰਥੀ ਧੜਿਆਂ ਵਿੱਚ ਵੰਡ ਹੋ ਗਈ। ਗਰਮਪੰਥੀ ਨੇਤਾਵਾਂ ਜਿਵੇਂ ਲਾਲਾ ਲਾਜਪਤ ਰਾਏ, ਬਾਲ ਗੰਗਾਧਰ ਤਿਲਕ ਅਤੇ ਬਿਪਨ ਚੰਦਰ ਪਾਲ ਨੇ ਅੰਗਰੇਜ਼ੀ ਨੀਤੀਆਂ ਦਾ ਤਿੱਖਾ ਵਿਰੋਧ ਕੀਤਾ। 1916 ਈ. ਵਿੱਚ ਕਾਂਗਰਸ ਅਤੇ ਮੁਸਲਿਮ ਲੀਗ ਵਿਚਕਾਰ ਹੋਏ ਸਮਝੌਤੇ ਨੂੰ 'ਲਖਨਊ ਪੈਕਟ' ਕਿਹਾ ਜਾਂਦਾ ਹੈ। ਇਸ ਸਮੇਂ 'ਹੋਮ ਰੂਲ ਅੰਦੋਲਨ' ਦੀ ਸ਼ੁਰੂਆਤ ਹੋਈ, ਜਿਸ ਰਾਹੀਂ ਸਵੈ-ਸ਼ਾਸਨ ਦੀ ਮੰਗ ਉੱਠੀ। 1919 ਈ. ਦੇ ਜਲ੍ਹਿਆਂਵਾਲਾ ਬਾਗ ਹੱਤਿਆਕਾਂਡ ਨੇ ਦੇਸ਼ ਭਰ ਵਿੱਚ ਗੁੱਸੇ ਅਤੇ ਦੁੱਖ ਦੀ ਲਹਿਰ ਦੌੜਾ ਦਿੱਤੀ। ਇਸ ਤੋਂ ਬਾਅਦ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਕਈ ਜਨ-ਅੰਦੋਲਨ ਚਲਾਏ ਗਏ, ਜਿਨ੍ਹਾਂ ਨੇ ਲੋਕਾਂ ਵਿੱਚ ਰਾਸ਼ਟਰੀ ਚੇਤਨਾ ਅਤੇ ਏਕਤਾ ਨੂੰ ਮਜ਼ਬੂਤ ਕੀਤਾ। ਆਖਿਰਕਾਰ ਲੰਮੇ ਸੰਘਰਸ਼ ਤੋਂ ਬਾਅਦ 15 ਅਗਸਤ 1947 ਈ. ਨੂੰ ਭਾਰਤ ਆਜ਼ਾਦ ਹੋਇਆ।

**ਉਪਰੋਕਤ ਪੈਰੈ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

**(i)** 1857 ਦੇ ਵਿਦਰੋਹ ਨੂੰ ਭਾਰਤ ਦੀ ਪਹਿਲੀ ਆਜ਼ਾਦੀ ਦੀ ਲੜਾਈ ਕਿਉਂ ਕਿਹਾ ਜਾਂਦਾ ਹੈ? (2)

**(ii)** ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਦੇ ਦੋ ਮੁੱਖ ਉਦੇਸ਼ ਲਿਖੋ। (2)

**(iii)** ਹੋਮ ਰੂਲ ਅੰਦੋਲਨ ਦਾ ਭਾਰਤੀ ਰਾਸ਼ਟਰੀ ਅੰਦੋਲਨ ਵਿੱਚ ਕੀ ਮਹੱਤਵ ਸੀ? (2)

**5.** ਲੋਕਤੰਤਰ ਲੋਕਾਂ ਦੀ ਆਪਣੀ ਸਰਕਾਰ ਹੁੰਦੀ ਹੈ। ਇਬਰਾਹਿਮ ਲਿੰਕਨ ਦੇ ਸ਼ਬਦਾਂ ਵਿੱਚ ਲੋਕਤੰਤਰੀ ਸਰਕਾਰ,"ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ" ਹੁੰਦੀ ਹੈ। ਲੋਕਤੰਤਰ ਦਾ ਆਰੰਭ ਯੂਨਾਨ ਦੇ ਸ਼ਹਿਰ ਏਥਨਜ਼ ਵਿੱਚ ਹੋਇਆ। ਆਧੁਨਿਕ ਲੋਕਤੰਤਰ ਦੀ ਸਥਾਪਨਾ ਪਹਿਲਾਂ ਯੂਰਪ ਦੇ ਦੇਸ਼ਾਂ ਦੇ ਵਿੱਚ ਹੋਈ ਸੀ। ਲੋਕਤੰਤਰੀ ਸਮਾਜ ਵਿੱਚ ਕਿਸੇ ਵੀ ਆਧਾਰ 'ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ। ਕਾਨੂੰਨ ਦੀ ਨਜ਼ਰ ਵਿੱਚ ਅਮੀਰ, ਗਰੀਬ, ਆਦਮੀ ਅਤੇ ਔਰਤ ਸਭ ਬਰਾਬਰ ਹਨ। ਲੋਕਤੰਤਰੀ ਦੇਸ਼ ਵਿੱਚ ਜਾਤ-ਰੰਗ, ਨਸਲ ਜਾਂ ਜਨਮ ਦੇ ਅਧਾਰ 'ਤੇ ਕਿਸੇ ਨੂੰ ਵਿਸ਼ੇਸ਼ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ। ਆਧੁਨਿਕ ਯੁੱਗ ਵਿੱਚ ਲੋਕਤੰਤਰੀ ਸਰਕਾਰ ਨੂੰ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ। ਲੋਕਤੰਤਰ ਦੇ ਸੰਸਦੀ ਨਮੂਨੇ ਵਾਲੀ ਸਰਕਾਰ ਵਾਲੇ ਦੇਸ਼ ਵਿਚ ਦੇਸ਼ ਦੇ ਦੋ ਤਰ੍ਹਾਂ ਦੇ ਮੁਖੀ ਹੁੰਦੇ ਹਨ- ਨਾਂ-ਮਾਤਰ ਮੁਖੀ ਅਤੇ ਅਸਲੀ-ਮੁਖੀ । ਸਾਡੇ ਦੇਸ਼ ਦੀ ਕੇਂਦਰੀ ਸਰਕਾਰ ਦਾ ਨਾਂ- ਮਾਤਰ ਮੁਖੀ ਰਾਸ਼ਟਰਪਤੀ ਅਤੇ ਰਾਜ ਸਰਕਾਰ ਦਾ ਨਾਂ-ਮਾਤਰ ਮੁਖੀ ਰਾਜਪਾਲ ਹੁੰਦੇ ਹਨ। ਜਦੋਂ ਕਿ ਕੇਂਦਰੀ ਅਤੇ ਰਾਜ ਸਰਕਾਰ ਦੇ ਅਸਲੀ ਮੁਖੀ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਹੁੰਦੇ ਹਨ। ਲੋਕਤੰਤਰੀ ਸਰਕਾਰ ਵਿਚ ਬਿਨਾਂ ਕਿਸੇ ਵਿਤਕਰੇ ਦੇ ਸਾਰੇ ਬਾਲਗਾਂ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਜਾਂਦਾ ਹੈ।

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

i. ਇਬਰਾਹਿਮ ਲਿੰਕਨ ਨੇ ਲੋਕਤੰਤਰ ਦੀ ਕੀ ਪ੍ਰੀਭਾਸ਼ਾ ਦਿੱਤੀ ਹੈ? (2)

ii. ਲੋਕਤੰਤਰ ਦੇ ਸੰਸਦੀ ਨਮੂਨੇ ਵਾਲੀ ਸਰਕਾਰ ਵਿੱਚ ਨਾਂ-ਮਾਤਰ ਮੁਖੀ ਕੌਣ ਹੁੰਦੇ ਹਨ? (2)

iii. ਆਧੁਨਿਕ ਯੁੱਗ ਵਿੱਚ ਕਿਹੜੀ ਸਰਕਾਰ ਨੂੰ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ ਅਤੇ ਕਿਉਂ? (2)

6.ਇਤਿਹਾਸ ਦੇ ਸ੍ਰੋਤਾਂ ਦੇ ਵਿਸ਼ਾਲ ਭੰਡਾਰ ਤੋਂ, ਅਸੀਂ ਬਹੁਤ ਕੁਝ ਜਾਣ ਸਕਦੇ ਹਾਂ ਪ੍ਰੰਤੂ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸਰਕਾਰੀ ਦਸਤਾਵੇਜ਼ ਹੁੰਦੇ ਹਨ। ਇਹ ਸਾਨੂੰ ਦੱਸਦੇ ਹਨ ਕਿ ਅਧਿਕਾਰੀ ਕੀ ਸੋਚਦੇ ਸਨ, ਉਨ੍ਹਾਂ ਦੀ ਕੀ ਦਿਲਚਸਪੀ ਸੀ ਅਤੇ ਉਹ ਭਵਿੱਖ ਲਈ ਕੀ ਸੁਰੱਖਿਅਤ ਰੱਖਣਾ ਚਾਹੁੰਦੇ ਸਨ? ਇਹ ਰਿਕਾਰਡ ਜਾਂ ਦਸਾਤਵੇਜ਼, ਇਹ ਸਮਝਣ ਵਿੱਚ ਸਾਡੀ ਮਦਦ ਨਹੀਂ ਕਰਦੇ ਕਿ ਦੇਸ਼ ਦੇ ਹੋਰ ਲੋਕ ਕੀ ਮਹਿਸੂਸ ਕਰਦੇ ਹਨ। ਇਸਦੇ ਲਈ ਸਾਨੂੰ ਕਿਤੇ ਹੋਰ ਦੇਖਣ ਦੀ ਲੋੜ ਹੈ। ਜਦੋਂ ਅਸੀਂ ਇਹਨਾਂ ਹੋਰ ਸ੍ਰੋਤਾਂ ਦੀ ਖੋਜ ਕਰਨਾ ਸ਼ੁਰੂ ਕਰਦੇ ਹਾਂ ਤਾਂ ਅਸੀਂ ਉਹਨਾਂ ਨੂੰ ਕਾਫ਼ੀ ਮਾਤਰਾ ਵਿੱਚ ਲੱਭਦੇ ਹਾਂ ਭਾਵੇਂ ਕਿ ਉਹਨਾਂ ਨੂੰ ਸਰਕਾਰੀ ਦਸਤਾਵੇਜ਼ਾਂ ਨਾਲੋਂ ਪ੍ਰਾਪਤ ਕਰਨਾ ਵਧੇਰੇ ਮੁਸ਼ਕਲ ਹੁੰਦਾ ਹੈ। ਸਾਡੇ ਕੋਲ ਲੋਕਾਂ ਦੀਆਂ ਡਾਇਰੀਆਂ, ਸ਼ਰਧਾਲੂਆਂ ਅਤੇ ਯਾਤਰੀਆਂ ਦੇ ਲੇਖ, ਮਹੱਤਵਪੂਰਨ ਸ਼ਖਸੀਅਤਾਂ ਦੀਆਂ ਸਵੈ-ਜੀਵਨੀਆਂ ਅਤੇ ਪ੍ਰਸਿੱਧ ਕਿਤਾਬਾਂ ਸਨ, ਜੋ ਸਥਾਨਕ ਬਜ਼ਾਰਾਂ ਵਿੱਚ ਵੇਚੇ ਜਾਂਦੇ ਸਨ। ਜਿਵੇਂ-ਜਿਵੇਂ ਪ੍ਰਿੰਟਿੰਗ ਪ੍ਰੈਸ ਫੈਲਦੀ ਗਈ, ਅਖ਼ਬਾਰਾਂ ਪ੍ਰਕਾਸ਼ਿਤ ਹੋਣ ਲੱਗੀਆਂ ਅਤੇ ਲੋਕਾਂ ਵਿੱਚ ਮੁੱਦਿਆਂ 'ਤੇ ਬਹਿਸ ਹੋਣ ਲੱਗੀ। ਨੇਤਾਵਾਂ ਅਤੇ ਸੁਧਾਰਕਾਂ ਨੇ ਆਪਣੇ ਵਿਚਾਰਾਂ ਨੂੰ ਫੈਲਾਉਣ ਲਈ ਲਿਖਿਆ, ਕਵੀਆਂ ਅਤੇ ਨਾਵਲਕਾਰਾਂ ਨੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਲਿਖਿਆ। ਇਹ ਸਾਰੇ ਸ੍ਰੋਤ ਹਾਲਾਂਕਿ, ਉਨ੍ਹਾਂ ਦੁਆਰਾ ਪੈਦਾ ਕੀਤੇ ਗਏ ਸਨ ਜੋ ਪੜ੍ਹੇ-ਲਿਖੇ ਸਨ। ਇਨ੍ਹਾਂ ਤੋਂ ਅਸੀਂ ਇਹ ਸਮਝਣ ਦੇ ਯੋਗ ਨਹੀਂ ਹੋਵਾਂਗੇ ਕਿ ਆਦਿਵਾਸੀਆਂ, ਕਿਸਾਨਾਂ, ਖਾਣਾਂ ਵਿੱਚ ਮਜ਼ਦੂਰਾਂ ਜਾਂ ਸੜਕਾਂ 'ਤੇ ਗਰੀਬਾਂ ਦਾ ਜੀਵਨ ਦਾ ਅਨੁਭਵ ਕਿਵੇਂ ਦਾ ਸੀ? ਉਨ੍ਹਾਂ ਦੇ ਜੀਵਨ ਬਾਰੇ ਜਾਣਨਾ ਹੋਰ ਵੀ ਔਖਾ ਕੰਮ ਹੈ।

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ**.:-

i. ਸਰਕਾਰੀ ਦਸਤਾਵੇਜ਼ ਤੋਂ ਇਲਾਵਾ ਹੋਰ ਕਿਹੜੇ ਸਰੋਤ ਸਾਨੂੰ ਲੋਕਾਂ ਦੇ ਜੀਵਨ ਬਾਰੇ ਦੱਸਦੇ ਹਨ? (2)

ii. ਪ੍ਰਿੰਟਿੰਗ ਪ੍ਰੈਸ ਦੇ ਫੈਲਣ ਨਾਲ ਕਿਹੜੀਆਂ-ਕਿਹੜੀਆਂ ਤਬਦੀਲੀਆਂ ਆਈਆਂ? (2)

iii. ਸਰਕਾਰੀ ਦਸ਼ਤਾਵੇਜ਼ ਕਿਨ੍ਹਾਂ ਲੋਕਾਂ ਦੁਆਰਾ ਪੈਦਾ ਕੀਤੇ ਗਏ ਸਨ? (2)

7. ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਮਨੁੱਖ ਆਪਣੇ ਸੁਭਾਅ ਕਾਰਨ ਅਤੇ ਆਪਣੀਆਂ ਲੋੜਾਂ ਕਾਰਨ ਸਮਾਜ ਵਿੱਚ ਰਹਿਣਾ ਪਸੰਦ ਕਰਦਾ ਹੈ। ਸਮਾਜ ਵਿੱਚ ਰਹਿੰਦੇ ਹੋਏ ਮਨੁੱਖ ਨੂੰ ਕਈ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਹੈ। ਘਰ, ਸਕੂਲ, ਦਫ਼ਤਰ, ਖੇਡ ਕਲੱਬ, ਸੱਭਿਆਚਾਰਕ ਕੇਂਦਰ, ਬੱਸ ਸਟੈਂਡ, ਰੇਲਵੇ ਸਟੇਸ਼ਨ ਆਦਿ ਥਾਵਾਂ ਤੇ ਵਿਚਰਦੇ ਹੋਏ ਮਨੁੱਖ ਨੂੰ ਕੁਝ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਹੈ। ਇਹਨਾਂ ਨਿਯਮਾਂ ਦਾ ਪਾਲਣ ਕਰਦੇ ਹੋਏ ਹੀ ਮਨੁੱਖ ਦਾ ਵਿਕਾਸ ਹੋ ਸਕਦਾ ਹੈ ਅਤੇ ਸਮਾਜ ਸੁਚਾਰੂ ਰੂਪ ਵਿੱਚ ਚੱਲਦਾ ਹੈ। ਅਨੁਸ਼ਾਸ਼ਨ ਵਿੱਚ ਰਹਿ ਕੇ ਅਤੇ ਨਿਯਮਾਂ ਦੀ ਪਾਲਣਾ ਕਰਕੇ ਹੀ ਸੱਭਿਆਚਾਰਕ ਸਮਾਜ ਦੀ ਹੋਂਦ ਕਾਇਮ ਰਹਿ ਸਕਦੀ ਹੈ। ਜਿਵੇਂ ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ। ਪਰਿਵਾਰ ਨੂੰ ਚਲਾਉਣ ਲਈ ਵੀ ਨਿਯਮ ਤੈਅ ਕੀਤੇ ਜਾਂਦੇ ਹਨ। ਪਰਿਵਾਰ ਦਾ ਇੱਕ ਮੁਖੀ ਹੁੰਦਾ ਹੈ ਜੋ ਪਰਿਵਾਰ ਦੇ ਮੈਂਬਰਾਂ ਵਿੱਚ ਕੰਮ ਦੀ ਵੰਡ ਕਰਦਾ ਹੈ। ਪਰਿਵਾਰ ਦੇ ਮੈਂਬਰਾਂ ਨੂੰ ਪਰਿਵਾਰ ਦੇ ਮੁਖੀ ਦਾ ਕਹਿਣਾ ਮੰਨਣਾ ਹੀ ਹੁੰਦਾ ਹੈ। ਜੇਕਰ ਪਰਿਵਾਰ ਦੇ ਮੈਂਬਰ ਆਪ ਹੁਦਰੇ ਢੰਗ ਨਾਲ ਜੀਵਨ ਬਤੀਤ ਕਰਦੇ ਹਨ ਤਾਂ ਪਰਿਵਾਰ ਖੇਰੂੰ-ਖੇਰੂੰ ਹੋ ਜਾਂਦਾ ਹੈ।

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ**:-

i. ਮਨੁੱਖ ਸਮਾਜ ਵਿੱਚ ਰਹਿਣਾ ਕਿਉਂ ਪਸੰਦ ਕਰਦਾ ਹੈ**?** (2)

**ii.** ਸਮਾਜ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਕਿਹੜੇ-ਕਿਹੜੇ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ? (2)

**iii.**ਸੱਭਿਆਚਾਰਕ ਸਮਾਜ ਦੀ ਹੋਂਦ ਕਿਵੇਂ ਕਾਇਮ ਰਹਿ ਸਕਦੀ ਹੈ**?** (2)

8. ਸਰਕਾਰ ਦੁਆਰਾ ਚੁੱਕੇ ਗਏ ਕਦਮਾਂ ਵਿੱਚੋਂ, ਦੁਪਹਿਰ ਦਾ ਭੋਜਨ ਯੋਜਨਾ ਵੀ ਸ਼ਾਮਲ ਹੈ। ਇਸ ਯੋਜਨਾ ਅਨੁਸਾਰ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਬੱਚਿਆਂ ਨੂੰ ਪਕਾਇਆ ਹੋਇਆ ਦੁਪਹਿਰ ਦਾ ਭੋਜਨ ਪ੍ਰਦਾਨ ਕੀਤਾ ਜਾਂਦਾ ਹੈ। ਤਾਮਿਲਨਾਡੂ ਇਸ ਸਕੀਮ ਨੂੰ ਸ਼ੁਰੂ ਕਰਨ ਵਾਲਾ ਭਾਰਤ ਦਾ ਪਹਿਲਾ ਰਾਜ ਸੀ ਅਤੇ 2001 ਵਿੱਚ ਸੁਪਰੀਮ ਕੋਰਟ ਨੇ ਸਾਰੀਆਂ ਰਾਜ ਸਰਕਾਰਾਂ ਨੂੰ ਛੇ ਮਹੀਨਿਆਂ ਦੇ ਅੰਦਰ-ਅੰਦਰ ਆਪਣੇ ਸਕੂਲਾਂ ਵਿੱਚ ਇਹ ਪ੍ਰੋਗਰਾਮ ਸ਼ੁਰੂ ਕਰਨ ਲਈ ਕਿਹਾ ਸੀ। ਇਸ ਪ੍ਰੋਗਰਾਮ ਦੇ ਬਹੁਤ ਸਾਰੇ ਸਕਾਰਾਤਮਕ ਪ੍ਰਭਾਵ ਪਏ ਹਨ। ਇਸ ਵਿੱਚ ਇਹ ਤੱਥ ਸਾਹਮਣੇ ਆਇਆ ਕਿ ਵਧੇਰੇ ਗਰੀਬ ਬੱਚਿਆਂ ਨੇ ਸਕੂਲਾਂ ਵਿੱਚ ਦਾਖਲਾ ਲੈਣਾ ਸ਼ੁਰੂ ਕਰ ਦਿੱਤਾ ਹੈ ਅਤੇ ਨਿਯਮਿਤ ਤੌਰ 'ਤੇ ਸਕੂਲ ਜਾਣਾ ਸ਼ੁਰੂ ਕਰ ਦਿੱਤਾ। ਅਧਿਆਪਕਾਂ ਨੇ ਦੱਸਿਆ ਕਿ ਪਹਿਲਾਂ ਬੱਚੇ ਅਕਸਰ ਦੁਪਹਿਰ ਦਾ ਖਾਣਾ ਖਾਣ ਲਈ ਘਰ ਜਾਂਦੇ ਸਨ ਅਤੇ ਫਿਰ ਸਕੂਲ ਨਹੀਂ ਪਰਤਦੇ ਸਨ ਪਰ ਹੁਣ ਸਕੂਲ ਵਿੱਚ ਦੁਪਹਿਰ ਦਾ ਖਾਣਾ ਮੁਹੱਈਆ ਕਰਵਾਉਣ ਨਾਲ ਉਨ੍ਹਾਂ ਦੀ ਹਾਜ਼ਰੀ ਵਿੱਚ ਸੁਧਾਰ ਹੋਇਆ ਹੈ। ਉਨ੍ਹਾਂ ਦੀਆਂ ਮਾਵਾਂ, ਜਿਨ੍ਹਾਂ ਨੂੰ ਪਹਿਲਾਂ ਦਿਨ ਵੇਲੇ ਆਪਣੇ ਬੱਚਿਆਂ ਨੂੰ ਘਰ ਵਿੱਚ ਭੋਜਨ ਦੇਣ ਲਈ ਆਪਣੇ ਕੰਮ ਵਿੱਚ ਵਿਘਨ ਪਾਉਣਾ ਪੈਂਦਾ ਸੀ, ਹੁਣ ਅਜਿਹਾ ਕਰਨ ਦੀ ਜ਼ਰੂਰਤ ਨਹੀਂ ਰਹੀ। ਇਸ ਪ੍ਰੋਗਰਾਮ ਨੇ ਜਾਤੀ ਭੇਦ-ਭਾਵ ਨੂੰ ਘਟਾਉਣ ਵਿੱਚ ਵੀ ਮਦਦ ਕੀਤੀ ਹੈ ਕਿਉਂਕਿ ਸਕੂਲ ਵਿੱਚ ਸਾਰੀਆਂ ਜਾਤਾਂ ਦੇ ਬੱਚੇ ਇਕੱਠੇ ਇਹ ਖਾਣਾ ਖਾਂਦੇ ਹਨ ਅਤੇ ਬਹੁਤ ਸਾਰੀਆਂ ਥਾਵਾਂ 'ਤੇ ਦਲਿਤ ਔਰਤਾਂ ਨੂੰ ਖਾਣਾ ਬਣਾਉਣ ਲਈ ਲਗਾਇਆ ਗਿਆ ਹੈ।

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ**:-

i.ਦੁਪਹਿਰ ਦਾ ਭੋਜਨ ਪ੍ਰੋਗਰਾਮ ਨਾਲ ਕਿਹੜੇ ਸਕਾਰਾਤਮਕ ਪ੍ਰਭਾਵ ਪਏ? (2)

ii. ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਦੁਪਹਿਰ ਦਾ ਖਾਣਾ ਸਕੀਮ ਦੇ ਕੀ ਫਾਇਦੇ ਹਨ? (2)

iii. ਸੁਪਰੀਮ ਕੋਰਟ ਨੇ ਕਿੰਨ੍ਹੇ ਮਹੀਨਿਆਂ ਦੇ ਵਿੱਚ-ਵਿੱਚ ਰਾਜ ਸਰਕਾਰਾਂ ਨੂੰ ਦੁਪਹਿਰ ਦਾ ਭੋਜਨ ਪ੍ਰੋਗਰਾਮ ਕਰਨ ਦਾ ਹੁਕਮ ਦਿਤਾ ਸੀ? (2)

9. ਮਨੁੱਖੀ ਵਿਕਾਸ ਲਈ ਕੁੱਝ ਸਹੂਲਤਾਂ ਦੀ ਲੋੜ ਹੁੰਦੀ ਹੈ ਇਹ ਸਹੂਲਤਾਂ ਸਾਨੂੰ ਸਮਾਜ ਵਿੱਚੋਂ ਮਿਲ ਸਕਦੀਆਂ ਹਨ। ਇਹਨਾਂ ਸਹੂਲਤਾਂ ਨੂੰ ਹੀ ਅਧਿਕਾਰ ਕਿਹਾ ਜਾਂਦਾ ਹੈ ਅਤੇ ਅਧਿਕਾਰ ਮਨੁੱਖ ਨੂੰ ਮਾਨਵੀ ਜੀਵਨ ਜਿਉਣ ਦੇ ਯੋਗ ਬਣਾਉਂਦੇ ਹਨ। ਹਰ ਵਿਅਕਤੀ ਜੀਵਨ ਜਿਉਣ ਦੇ ਨਾਲ-ਨਾਲ ਸਤਿਕਾਰ ਵਾਲਾ ਜੀਵਨ ਵੀ ਜਿਉਣਾ ਚਾਹੁੰਦਾ ਹੈ ਇਸ ਲਈ ਉਹ ਅਧਿਕਾਰਾਂ ਦੀ ਮੰਗ ਕਰਦਾ ਹੈ। ਭਾਰਤ ਦੇ ਸੰਵਿਧਾਨ ਦੇ ਰਚਨਹਾਰਿਆਂ ਨੇ ਭਾਰਤੀ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਸ਼ਾਮਲ ਕਰਕੇ ਨਾਗਰਿਕਾਂ ਦੀ ਸ਼ਖ਼ਸੀਅਤ ਦਾ ਵਿਕਾਸ ਕਰਨ ਅਤੇ ਹਰ ਨਾਗਰਿਕ ਦੇ ਗੌਰਵ ਨੂੰ ਯਕੀਨੀ ਬਣਾਉਣ ਦੇ ਉਦੇਸ਼ਾਂ ਨੂੰ ਪੂਰੇ ਕਰਨ ਦਾ ਯਤਨ ਕੀਤਾ ਹੈ।

ਕਿਸੇ ਵੀ ਦੇਸ਼ ਦੇ ਲੋਕਤੰਤਰੀ ਸਰੂਪ ਦੀ ਪੁਸ਼ਟੀ ਸਾਨੂੰ ਉਸ ਦੇਸ਼ ਵਜੋਂ ਦਿੱਤੇ ਜਾਣ ਵਾਲੇ ਨਾਗਰਿਕਾਂ ਦੇ ਮੌਲਿਕ ਅਧਿਕਾਰ ਤੋਂ ਹੋ ਜਾਂਦੀ ਹੈ। ਆਜ਼ਾਦੀ ਤੋਂ ਪਹਿਲਾਂ ਭਾਰਤੀ ਨਾਗਰਿਕਾਂ ਨੂੰ ਮੌਲਿਕ ਅਧਿਕਾਰ ਪ੍ਰਾਪਤ ਨਹੀਂ ਸਨ। ਭਾਰਤ ਦੀ ਆਜ਼ਾਦੀ ਪ੍ਰਾਪਤੀ ਦੀ ਲਹਿਰ ਵਿੱਚ ਸਮੇਂ-ਸਮੇਂ 'ਤੇ ਮੌਲਿਕ ਅਧਿਕਾਰਾਂ ਦੀ ਮੰਗ ਕੀਤੀ ਗਈ ਸੀ। 1895 ਵਿੱਚ ਬਾਲ ਗੰਗਾਧਰ ਤਿਲਕ ਨੇ ਅੰਗਰੇਜ਼ਾਂ ਨੂੰ ਸਵਰਾਜ ਬਿਲ ਪਾਸ ਕਰਨ ਲਈ ਕਿਹਾ। ਜਿਸ ਵਿਚ ਭਾਰਤੀ ਲੋਕਾਂ ਲਈ ਵਿਚਾਰ ਪ੍ਰਗਟਾਉਣ, ਕਾਨੂੰਨ ਦੇ ਸਾਹਮਣੇ ਸਮਾਨਤਾ ਅਤੇ ਕੁੱਝ ਹੋਰ ਅਧਿਕਾਰਾਂ ਦੀ ਮੰਗ ਕੀਤੀ ਗਈ। 1928 ਈ. ਦੀ ਨਹਿਰੂ ਰਿਪੋਰਟ ਵਿੱਚ ਵੀ ਅਧਿਕਾਰਾਂ ਦੀ ਮੰਗ ਕੀਤੀ ਗਈ। ਜਿਸ ਵਿੱਚ ਮਰਦਾਂ ਅਤੇ ਔਰਤਾਂ ਲਈ ਸਮਾਨਤਾ ਦੇ ਅਧਿਕਾਰ ਵੀ ਮੰਗ ਕੀਤੀ ਗਈ ਪਰ ਅੰਗਰੇਜ਼ੀ ਹਕੂਮਤ ਨੇ ਉਕਤ ਮੰਗਾਂ ਨੂੰ ਰੱਦ ਕਰ ਦਿੱਤਾ ਸੀ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

i.ਭਾਰਤੀ ਸੰਵਿਧਾਨ ਦੇ ਰਚਨਹਾਰਿਆਂ ਨੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਸ਼ਾਮਲ ਕਰਕੇ, ਨਾਗਰਿਕਾਂ ਦੇ ਕਿਸ ਉਦੇਸ਼ ਨੂੰ ਪੂਰਾ ਕੀਤਾ ਹੈ? (2)

ii.ਕਿਸੇ ਦੇਸ਼ ਦੇ ਲੋਕਤੰਤਰੀ ਸਰੂਪ ਦੀ ਪੁਸ਼ਟੀ ਅਸੀਂ ਕਿਵੇਂ ਕਰ ਸਕਦੇ ਹਾਂ? (2)

iii. ਨਹਿਰੂ ਰਿਪੋਰਟ ਵਿੱਚ ਕੀ ਮੰਗ ਕੀਤੀ ਗਈ ਸੀ? (2)

10. ਸਰਕਾਰ ਦੇ ਤਿੰਨ ਮੁੱਖ ਅੰਗ ਹੁੰਦੇ ਹਨ। ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ। ਵਿਧਾਨ ਮੰਡਲ ਅਰਥਾਤ ਸੰਸਦ ਦਾ ਮੁੱਖ ਕੰਮ ਕਾਨੂੰਨ ਬਣਾਉਣਾ ਹੈ। ਬਿੱਲ ਸੰਸਦ ਦੇ ਕਿਸੇ ਵੀ ਸਦਨ ਵਿੱਚ ਪੇਸ਼ ਕੀਤੇ ਜਾ ਸਕਦੇ ਹਨ। ਦੋਨਾਂ ਸਦਨਾਂ ਵਿੱਚੋਂ ਬਿੱਲ ਪਾਸ ਹੋਣ ਮਗਰੋਂ ਹੀ ਹਰੇਕ ਬਿੱਲ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜਿਆ ਜਾਂਦਾ ਹੈ। ਸਿਰਫ਼ ਧਨ ਬਿੱਲ ਜਾਂ ਵਿੱਤੀ ਬਿੱਲ ਹੀ ਲੋਕ ਸਭਾ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਦੋਵੇਂ ਸਦਨਾਂ ਵਿੱਚ ਬਿੱਲ ਸੰਬੰਧੀ ਮੱਤਭੇਦਾਂ ਨੂੰ ਦੂਰ ਕਰਨ ਲਈ ਰਾਸ਼ਟਰਪਤੀ ਦੋਵੇਂ ਸਦਨਾਂ ਦਾ ਸਾਂਝਾ ਸਮਾਗਮ ਬੁਲਾਉਂਦਾ ਹੈ। ਬਿੱਲ ਨੂੰ ਕਾਨੂੰਨ ਬਣਨ ਲਈ ਕਈ ਪੜ੍ਹਤਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਸੋ ਸੰਸਦ ਹੀ ਕਾਨੂੰਨ ਬਣਾਉਣ ਵਾਲੀ ਦੇਸ਼ ਦੀ ਸਭ ਤੋਂ ਵੱਡੀ ਸੰਸਥਾ ਹੈ। ਸੰਸਦ ਦੁਆਰਾ ਬਣਾਏ ਕਾਨੂੰਨ ਸਰਵ-ਉੱਚ ਹੁੰਦੇ ਹਨ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

**i.**ਸਰਕਾਰ ਦੇ ਤਿੰਨ ਮੁੱਖ ਅੰਗ ਕਿਹੜੇ ਹਨ**?** (2)

**ii.**ਵਿੱਤੀ ਬਿੱਲ ਜਾਂ ਧਨ ਬਿੱਲ ਕਿਹੜੇ ਸਦਨ ਵਿੱਚ ਸਭ ਤੋਂ ਪਹਿਲਾਂ ਪੇਸ਼ ਕੀਤਾ ਜਾਂਦਾ ਹੈ**?** (2)

iii.ਵਿਧਾਨ ਮੰਡਲ ਦਾ ਮੁੱਖ ਕੰਮ ਕੀ ਹੈ? (2)

## ਨਕਸ਼ਾ ਅਭਿਆਸ

**ਨਕਸ਼ਿਆਂ ਦੇ ਅਭਿਆਸ ਲਈ ਇਸ QR CODE ਨੂੰ ਸਕੈਨ ਕਰੋ।**

MGSS8

**1. ਭਾਰਤ ਦੇ ਭੌਤਿਕ ਨਕਸ਼ੇ ਵਿੱਚ ਹੇਠਾਂ ਦਿੱਤੇ ਸਥਾਨ ਅੰਕਿਤ ਕਰੋ।**

1. ਜਲੋਢੀ ਮਿੱਟੀ ਵਾਲਾ ਇੱਕ ਖੇਤਰ
2. ਗੰਗਾ ਨਦੀ
3. ਸਦਾਬਹਾਰ ਜੰਗਲਾਂ ਵਾਲਾ ਇੱਕ ਖੇਤਰ
4. ਬ੍ਰਹਮਪੁੱਤਰ ਨਦੀ
5. ਕਾਲੀ ਮਿੱਟੀ ਵਾਲਾ ਇੱਕ ਰਾਜ
6. ਪਰਬਤੀ ਬਨਸਪਤੀ ਦਾ ਖੇਤਰ
7. ਭਾਰਤ ਦਾ ਇੱਕ ਉੱਤਰੀ ਮੈਦਾਨ
8. ਡੈਲਟਾ ਕਿਸਮ ਦੀ ਬਨਸਪਤੀ ਵਾਲਾ ਖੇਤਰ

2. ਭਾਰਤ ਦੇ ਭੌਤਿਕ ਨਕਸ਼ੇ ਵਿੱਚ ਕੱਚਾ ਲੋਹਾ, ਮੈਂਗਨੀਜ਼, ਸੋਨਾ, ਤਾਂਬਾ, ਅਬਰਕ ੲ

3. ਭਾਰਤ ਦੇ ਭੌਤਿਕ ਨਕਸ਼ੇ ਵਿੱਚ ਚਾਹ, ਕਣਕ, ਚਾਵਲ, ਕਪਾਹ ਅਤੇ ਪਟਸਨ ਦੇ ਖੇਤਰ ਭਰੋ।

**4. ਭਾਰਤ ਦੇ ਭੌਤਿਕ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਭਰੋ:-**

1. ਸਥਾਈ ਬੰਦੋਬਸਤ ਵਾਲਾ ਕੋਈ ਰਾਜ
2. ਰੱਈਅਤਵਾੜੀ ਪ੍ਰਬੰਧ ਵਾਲਾ ਕੋਈ ਰਾਜ

3.ਮਹਿਲਵਾੜੀ ਪ੍ਰਬੰਧ ਵਾਲਾ ਕੋਈ ਰਾਜ

4. ਸੂਤੀ ਕੱਪੜੇ ਦਾ ਪਹਿਲਾ ਕਾਰਖਾਨਾ

5.ਚਾਹ ਦਾ ਪਹਿਲਾ ਬਾਗ

6.ਕੌਫੀ ਦਾ ਪਹਿਲਾ ਬਾਗ

7.ਪਟਸਨ ਦਾ ਪਹਿਲਾ ਕਾਰਖਾਨਾ

8.ਕੋਲੇ ਦੀ ਪਹਿਲੀ ਖਾਣ

**5. ਭਾਰਤ ਦੇ ਭੌਤਿਕ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਭਰੋ:-**

1. ਨੀਲ ਉਦਯੋਗ ਵਾਲਾ ਇੱਕ ਸਥਾਨ
2. ਮੁੰਬਈ
3. ਫੋਰਟ ਸੇਂਟ ਜਾਰਜ
4.ਗੇਟਵੇ ਆਫ਼ ਇੰਡੀਆ
5. ਮੈਰੀਨਾ ਬੀਚ
6. ਪ੍ਰਿੰਸ ਆਫ਼ ਵੇਲਜ਼ ਮਿਊਜ਼ੀਅਮ
7. ਬਨਾਰਸ
8. ਦਿੱਲੀ
9. ਮੇਰਠ
10.ਝਾਂਸੀ
11. ਅਹਿਮਾਦਾਬਾਦ
12. ਬੈਰਕਪੁਰ

**ਯੋਗਦਾਨ: ਹਰਦਵਿੰਦਰ ਸਿੰਘ (ਲੈਕ.ਅੰਗਰੇਜ਼ੀ) SOE ਫਾਰ ਗਰਲਜ਼ ਚਮਕੌਰ ਸਾਹਿਬ, ਰੂਪਨਗਰ**
**ਰਣਜੀਤ ਕੌਰ (ਲੈਕ. ਇਤਿਹਾਸ) ਸ.ਸ.ਸ.ਸਕੂਲ ਛੀਨਾ ਬੇਟ, ਗੁਰਦਾਸਪੁਰ ਅਤੇ**
**ਸ਼ਰਨਜੀਤ ਕੌਰ (ਸ.ਸ. ਮਿਸਟ੍ਰੈਸ) ਸ.ਹ.ਸ ਢੀਮਾਂ ਵਾਲੀ, ਫਰੀਦਕੋਟ।**